




Real
# ਦੇਸੀ ਟਾਈਮਜ਼
Desi Times
ਹਫਤਾਵਾਰੀ
www.desitimes.ca
QCNA

DESI TIMES WEEKLY VOLUME 7 ISSUE #543 FRIDAY, 25 SEPTEMBER, 2026







# ਕਿਊਬੈਕ ਲਿਬਰਲ ਪਾਰਟੀ ਦਾ 2026 ਚੋਣ ਮੈਨੀਫੈਸਟੋ ਜਾਰੀ, ਆਰਥਿਕਤਾ, ਹਾਊਸਿੰਗ ਤੇ ਇਮੀਗ੍ਰੇਸ਼ਨ ’ਤੇ ਵੱਡੇ ਵਾਅਦੇ

ਕਿਊਬੈਕ — ਕਿਊਬੈਕ ਲਿਬਰਲ ਪਾਰਟੀ ਨੇ 2026 ਦੀ ਸੂਬਾਈ ਚੋਣ ਲਈ ਆਪਣੇ ਚੋਣ ਮੈਨੀਫੈਸਟੋ ਅਤੇ ਮੁੱਖ ਵਾਅਦਿਆਂ ਵਿੱਚ ਆਰਥਿਕ ਵਿਕਾਸ, ਟੈਕਸਾਂ ਵਿੱਚ ਰਾਹਤ, ਨਵੇਂ ਘਰਾਂ ਦੀ ਉਸਾਰੀ, ਇਮੀਗ੍ਰੇਸ਼ਨ ਦੀ ਯੋਜਨਾਬੰਦੀ ਅਤੇ ਸਰਕਾਰੀ ਨਿਯਮਾਂ ਦਾ ਬੋਝ ਘਟਾਉਣ ਨੂੰ ਪ੍ਰਮੁੱਖ ਮੁੱਦੇ ਬਣਾਇਆ ਹੈ। ਪਾਰਟੀ ਦੇ ਆਗੂ ਚਾਰਲਸ ਮਿਲਿਆਰਡ ਦੀ ਅਗਵਾਈ ਹੇਠ ਪੇਸ਼ ਕੀਤੇ ਗਏ ਏਜੰਡੇ ਵਿੱਚ ਆਰਥਿਕ ਹਕੀਕਤਾਂ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰੀ ਖਰਚੇ ਅਤੇ ਸੇਵਾਵਾਂ ਵਿਚਕਾਰ ਸੰਤੁਲਨ ਬਣਾਉਣ ’ਤੇ ਜ਼ੋਰ ਦਿੱਤਾ ਗਿਆ ਹੈ।




**ਛੋਟੇ ਤੇ ਦਰਮਿਆਨੇ ਕਾਰੋਬਾਰਾਂ ਲਈ ਟੈਕਸ ਘਟਾਉਣ ਦਾ ਵਾਅਦਾ**

ਲਿਬਰਲ ਪਾਰਟੀ ਨੇ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ (SMEs) ਲਈ ਟੈਕਸ ਦਰ ਨੂੰ ਮੌਜੂਦਾ 11.5 ਫੀਸਦੀ ਤੋਂ ਹੌਲੀ-ਹੌਲੀ ਘਟਾ ਕੇ 10 ਫੀਸਦੀ ਕਰਨ ਦਾ ਵਾਅਦਾ ਕੀਤਾ ਹੈ। ਪਾਰਟੀ ਦਾ ਕਹਿਣਾ ਹੈ ਕਿ ਇਸ ਨਾਲ ਕਾਰੋਬਾਰਾਂ ’ਤੇ ਵਿੱਤੀ ਬੋਝ ਘਟਾਉਣ ਅਤੇ ਨਿਵੇਸ਼ ਤੇ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਮਿਲ ਸਕਦੀ ਹੈ।

ਇਸ ਦੇ ਨਾਲ ਸਰਕਾਰੀ ਨਿਯਮਾਂ ਅਤੇ ਪ੍ਰਸ਼ਾਸਕੀ ਕਾਰਵਾਈਆਂ ਨੂੰ ਘਟਾਉਣ ਲਈ “ਟੂ-ਫ਼ਾਰ-ਵਨ”ਨਿਯਮ ਲਾਗੂ ਕਰਨ ਦੀ ਤਜਵੀਜ਼ ਹੈ। ਇਸ ਤਹਿਤ ਜਦੋਂ ਕੋਈ ਨਵਾਂ ਨਿਯਮ ਲਿਆਂਦਾ ਜਾਵੇਗਾ ਤਾਂ ਦੋ ਪੁਰਾਣੇ ਨਿਯਮ ਖਤਮ ਕਰਨ ਦਾ ਟੀਚਾ ਰੱਖਿਆ ਗਿਆ ਹੈ।

**ਹਰ ਸਾਲ 1 ਲੱਖ ਨਵੇਂ ਘਰ ਬਣਾਉਣ ਦਾ ਟੀਚਾ**

ਹਾਊਸਿੰਗ ਸੰਕਟ ਨਾਲ ਨਜਿੱਠਣ ਲਈ ਕਿਊਬੈਕ ਲਿਬਰਲ ਪਾਰਟੀ ਨੇ ਹਰ ਸਾਲ 1 ਲੱਖ ਨਵੇਂ ਹਾਊਸਿੰਗ ਯੂਨਿਟ ਬਣਾਉਣ ਦਾ ਟੀਚਾ ਰੱਖਿਆ ਹੈ। ਪਾਰਟੀ ਦੇ ਮੈਨੀਫੈਸਟੋ ਵਿੱਚ ਨਵੇਂ ਘਰਾਂ ਅਤੇ ਕੰਡੋ ਖਰੀਦਣ ਵਾਲਿਆਂ ਨੂੰ ਟੈਕਸ ਰਾਹਤ ਦੇਣ ਦੀ ਵੀ ਗੱਲ ਕੀਤੀ ਗਈ ਹੈ।

ਪਾਰਟੀ ਨੇ ਨਵੇਂ ਘਰ ਜਾਂ ਕੰਡੋ ਦੀ ਖਰੀਦ ’ਤੇ 36 ਫੀਸਦੀ QST ਰਿਫੰਡ ਦੇਣ ਦੀ ਵਚਨਬੱਧਤਾ ਪ੍ਰਗਟਾਈ ਹੈ। ਇਹ ਪ੍ਰਸਤਾਵ ਨਵੇਂ ਘਰਾਂ ਦੀ ਮੰਗ ਅਤੇ ਉਸਾਰੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਲਾਗਤਾਂ ਨੂੰ ਘਟਾਉਣ ਦੇ ਉਦੇਸ਼ ਨਾਲ ਪੇਸ਼ ਕੀਤਾ ਗਿਆ ਹੈ।

**ਇਮੀਗ੍ਰੇਸ਼ਨ ਵਿੱਚ ਖੇਤਰਾਂ ਦੀ ਭੂਮਿਕਾ ਵਧਾਉਣ ਦੀ ਯੋਜਨਾ**

ਇਮੀਗ੍ਰੇਸ਼ਨ ਨੀਤੀ ਵਿੱਚ ਵੀ ਪਾਰਟੀ ਨੇ ਖੇਤਰੀ ਪੱਧਰ ’ਤੇ ਫੈਸਲੇ ਲੈਣ ਦੀ ਵਕਾਲਤ ਕੀਤੀ ਹੈ। ਮੈਨੀਫੈਸਟੋ ਮੁਤਾਬਕ ਸੂਬੇ ਦੇ ਵੱਖ-ਵੱਖ ਖੇਤਰਾਂ ਨੂੰ ਆਪਣੀ ਸਥਾਨਕ ਰਿਸੈਪਸ਼ਨ ਸਮਰੱਥਾ ਅਤੇ ਇਮੀਗ੍ਰੇਸ਼ਨ ਦੀਆਂ ਲੋੜਾਂ ਨਿਰਧਾਰਤ ਕਰਨ ਦੀ ਪ੍ਰਕਿਰਿਆ ਵਿੱਚ ਸ਼ਾਮਲ ਕੀਤਾ ਜਾਵੇਗਾ।

ਪਾਰਟੀ ਨੇ ਸਾਲਾਨਾ ਸਥਾਈ ਇਮੀਗ੍ਰੇਸ਼ਨ ਦਾਖਲਿਆਂ ਲਈ 45,000 ਤੋਂ 70,000 ਦੇ ਵਿਚਕਾਰ ਦਾ ਟੀਚਾ ਦਰਸਾਇਆ ਹੈ। ਇਸ ਦੇ ਨਾਲ ਨਵੇਂ ਆਉਣ ਵਾਲਿਆਂ ਦੀ ਫਰੈਂਚ ਭਾਸ਼ਾ ਸਿੱਖਣ ਅਤੇ ਸਮਾਜ ਵਿੱਚ ਏਕੀਕਰਨ ਲਈ ਫਰੈਂਚਾਈਜ਼ੇਸ਼ਨ (Francisation) ਪ੍ਰੋਗਰਾਮਾਂ ਦੀ ਫੰਡਿੰਗ ਵਧਾਉਣ ਦਾ ਵਾਅਦਾ ਵੀ ਕੀਤਾ ਗਿਆ ਹੈ।

**ਚਾਰ ਸਾਲਾਂ ਵਿੱਚ ਬਜਟ ਸੰਤੁਲਿਤ ਕਰਨ ਦਾ ਟੀਚਾ**

ਵਿੱਤੀ ਨੀਤੀ ਦੇ ਮਾਮਲੇ ਵਿੱਚ ਲਿਬਰਲ ਪਾਰਟੀ ਨੇ 2029-30 ਤੱਕ ਸੂਬੇ ਦਾ ਬਜਟ ਮੁੜ ਸੰਤੁਲਿਤ ਕਰਨ ਦਾ ਵਾਅਦਾ ਕੀਤਾ ਹੈ। ਪਾਰਟੀ ਦਾ ਵਿੱਤੀ ਫਰੇਮਵਰਕ ਸਰਕਾਰੀ ਖਰਚਿਆਂ ਵਿੱਚ ਸੰਭਲਿਆ ਹੋਇਆ ਵਾਧਾ ਰੱਖਣ ਅਤੇ ਲੋੜੀਂਦੇ ਖੇਤਰਾਂ ਵਿੱਚ ਨਿਸ਼ਾਨਾਬੱਧ ਨਿਵੇਸ਼ ਕਰਨ ’ਤੇ ਆਧਾਰਿਤ ਹੈ। ਮੈਨੀਫੈਸਟੋ ਵਿੱਚ ਹਾਊਸਿੰਗ, ਸਿਹਤ ਅਤੇ ਸਿੱਖਿਆ ਵਰਗੇ ਖੇਤਰਾਂ ਲਈ ਲਗਭਗ 12 ਅਰਬ ਡਾਲਰ ਦੀ ਨਿਸ਼ਾਨਾਬੱਧ ਸਹਾਇਤਾ ਦੇਣ ਦੀ ਯੋਜਨਾ ਪੇਸ਼ ਕੀਤੀ ਗਈ ਹੈ। ਪਾਰਟੀ ਨੇ ਇਹ ਵੀ ਕਿਹਾ ਹੈ ਕਿ ਬਜਟ ਨੂੰ ਸੰਤੁਲਿਤ ਕਰਨ ਦੀ ਕੋਸ਼ਿਸ਼ ਦੌਰਾਨ ਜ਼ਰੂਰੀ ਜਨਤਕ ਸੇਵਾਵਾਂ ਵਿੱਚ ਕਟੌਤੀ ਨਹੀਂ ਕੀਤੀ ਜਾਵੇਗੀ।

**ਆਰਥਿਕਤਾ ਤੋਂ ਲੈ ਕੇ ਇਮੀਗ੍ਰੇਸ਼ਨ ਤੱਕ ਮੁੱਖ ਮੁੱਦੇ**

ਕਿਊਬੈਕ ਲਿਬਰਲ ਪਾਰਟੀ ਦੇ 2026 ਚੋਣ ਏਜੰਡੇ ਵਿੱਚ ਮੁੱਖ ਤੌਰ ’ਤੇ ਕਾਰੋਬਾਰੀ ਟੈਕਸਾਂ ਵਿੱਚ ਕਮੀ, ਪ੍ਰਸ਼ਾਸਕੀ ਨਿਯਮਾਂ ਦਾ ਬੋਝ ਘਟਾਉਣਾ, ਹਾਊਸਿੰਗ ਦੀ ਤੇਜ਼ ਉਸਾਰੀ, ਖੇਤਰੀ ਇਮੀਗ੍ਰੇਸ਼ਨ ਸਮਰੱਥਾ ਅਤੇ ਫਰੈਂਚ ਭਾਸ਼ਾ ਦੀ ਸਿਖਲਾਈ ਲਈ ਵਧੇਰੇ ਫੰਡਿੰਗ ਨੂੰ ਸ਼ਾਮਲ ਕੀਤਾ ਗਿਆ ਹੈ। ਪਾਰਟੀ ਵੱਲੋਂ ਪੇਸ਼ ਕੀਤੀਆਂ ਇਹ ਵਚਨਬੱਧਤਾਵਾਂ 2026 ਦੀ ਚੋਣ ਦੌਰਾਨ ਕਿਊਬੈਕ ਦੀ ਆਰਥਿਕਤਾ, ਹਾਊਸਿੰਗ ਅਤੇ ਇਮੀਗ੍ਰੇਸ਼ਨ ਨੀਤੀ ਬਾਰੇ ਚੋਣੀ ਚਰਚਾ ਦਾ ਹਿੱਸਾ ਬਣਨਗੀਆਂ




## ਮੁੜ ਸ਼ੁਰੂ ਹੋਵੇਗੀ ਗੱਲਬਾਤ !

# ਈਰਾਨ ਨੇ ਅਮਰੀਕਾ ਅੱਗੇ ਰੱਖੀਆਂ ਸ਼ਰਤਾਂ

ਨਿਊਯਾਰਕ - ਈਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ, ਇਸਮਾਈਲ ਬਘਾਈ ਨੇ ਕਿਹਾ ਕਿ ਨਿਊਯਾਰਕ ਵਿੱਚ ਈਰਾਨੀ ਅਤੇ ਅਮਰੀਕੀ ਪ੍ਰਤੀਨਿਧੀਆਂ ਵਿਚਕਾਰ ਮੀਟਿੰਗ ਕਤਰ ਦੀ ਵਿਚੋਲਗੀ ਹੇਠ ਹੋਈ, ਜਿਸ ਦੌਰਾਨ ਈਰਾਨ ਨੇ



ਕੂਟਨੀਤਕ ਗੱਲਬਾਤ ਮੁੜ ਸ਼ੁਰੂ ਕਰਨ ਲਈ ਅਮਰੀਕੀ ਪੱਖ ਨੂੰ ਸਪੱਸ਼ਟ ਤੌਰ 'ਤੇ ਆਪਣੀਆਂ ਸ਼ਰਤਾਂ ਪੇਸ਼ ਕੀਤੀਆਂ। ਸ਼੍ਰੀ ਬਘਾਈ ਨੇ ਈਰਾਨ ਦੀ ਸਰਕਾਰੀ ਸਮਾਚਾਰ ਏਜੰਸੀ, ਇਰਨਾ ਨੂੰ ਮੰਗਲਵਾਰ ਦੇਰ ਰਾਤ, ਨਿਊਯਾਰਕ ਸਮੇਂ ਅਨੁਸਾਰ ਦੱਸਿਆ ਕਿ ਗੱਲਬਾਤ ਕਤਰ ਦੀ ਵਿਚੋਲਗੀ ਰਾਹੀਂ ਹੋਈ। ਉਨ੍ਹਾਂ ਕਿਹਾ ਕਿ ਈਰਾਨੀ ਵਫ਼ਦ ਨੇ ਵਿਚੋਲਿਆਂ ਰਾਹੀਂ, ਆਪਣੇ ਵਿਚਾਰ ਅਤੇ ਸ਼ਰਤਾਂ ਅਮਰੀਕੀ ਪੱਖ ਨੂੰ ਸਪੱਸ਼ਟ ਤੌਰ 'ਤੇ ਦੱਸੀਆਂ। ਸ਼੍ਰੀ ਬਘਾਈ ਦੇ ਅਨੁਸਾਰ ਈਰਾਨ ਦੀਆਂ ਸ਼ਰਤਾਂ ਵਿੱਚ ਸਾਰੇ ਮੋਰਚਿਆਂ 'ਤੇ ਦੁਸ਼ਮਣੀ ਦਾ ਅੰਤ, ਕਥਿਤ ਅਮਰੀਕੀ ਹਮਲੇ ਨੂੰ ਰੋਕਣਾ, ਈਰਾਨ ਵਿਰੁੱਧ ਅਮਰੀਕੀ ਜਲ ਸੈਨਾ ਦੀ ਨਾਕਾਬੰਦੀ ਅਤੇ ਆਰਥਿਕ ਯੁੱਧ ਦਾ ਅੰਤ ਅਤੇ ਈਰਾਨੀ ਜਾਇਦਾਦਾਂ ਦੀ ਰਿਹਾਈ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਈਰਾਨ ਨੇ ਪਿਛਲੇ ਕੁਝ ਹਫ਼ਤਿਆਂ ਵਿੱਚ ਅਮਰੀਕਾ ਨੂੰ ਕੂਟਨੀਤੀ ਸੰਬੰਧੀ ਆਪਣੀਆਂ ਸ਼ਰਤਾਂ ਅਤੇ ਰੁਖ਼ ਦੱਸ ਦਿੱਤਾ ਹੈ। ਇਨ੍ਹਾਂ ਵਿੱਚ ਹੋਰਮੁਜ਼ ਜਲਡਮਰੂ ਦੀ ਸੁਰੱਖਿਆ ਵਰਗੇ ਮੁੱਦਿਆਂ 'ਤੇ ਈਰਾਨ ਦਾ ਰੁਖ਼ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਨਿਊਯਾਰਕ ਵਿੱਚ ਈਰਾਨੀ ਵਫ਼ਦ ਦੀ ਮੌਜੂਦਗੀ ਨੇ ਇਨ੍ਹਾਂ ਮੁੱਦਿਆਂ ਨੂੰ ਅਮਰੀਕੀ ਪੱਖ ਸਾਹਮਣੇ ਸਪੱਸ਼ਟ ਤੌਰ 'ਤੇ ਪੇਸ਼ ਕਰਨ ਦਾ ਮੌਕਾ ਪ੍ਰਦਾਨ ਕੀਤਾ। ਈਰਾਨੀ ਅਤੇ ਅਮਰੀਕੀ ਪ੍ਰਤੀਨਿਧੀਆਂ ਵਿਚਕਾਰ ਇਹ ਮੁਲਾਕਾਤ ਮੰਗਲਵਾਰ ਨੂੰ ਸੰਯੁਕਤ ਰਾਸ਼ਟਰ ਮਹਾਸਭਾ ਦੇ 81ਵੇਂ ਸੈਸ਼ਨ ਦੇ ਮੌਕੇ 'ਤੇ ਹੋਈ। ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਆਪਣੇ ਭਾਸ਼ਣ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਈਰਾਨ ਵਿਰੁੱਧ ਕੀਤੀਆਂ ਟਿੱਪਣੀਆਂ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਸ਼੍ਰੀ ਬਾਘਾਈ ਨੇ ਕਿਹਾ ਕਿ ਇਹ ਟਿੱਪਣੀਆਂ ਸਿਰਫ਼ ÷ਵਾਰ-ਵਾਰ ਕੀਤੇ ਗਏ ਦਾਅਵੇ ਅਤੇ ਦੋਸ਼÷ ਸਨ ਜੋ ਨਿਰਾਸ਼ਾ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਉੱਥੇ ਮੌਜੂਦ ਕਈ ਦੇਸ਼ਾਂ ਦੇ ਡਿਪਲੋਮੈਟਾਂ ਅਤੇ ਪ੍ਰਤੀਨਿਧੀਆਂ ਨੇ ਵੀ ਇਹੀ ਰਾਏ ਸਾਂਝੀ ਕੀਤੀ ਕਿ ਇਹ ਟਿੱਪਣੀਆਂ ਤਾਕਤ ਦੀ ਬਜਾਏ ਨਿਰਾਸ਼ਾ ਤੋਂ ਪ੍ਰੇਰਿਤ ਸਨ। ਸ਼੍ਰੀ ਬਾਘਾਈ ਨੇ ਕਿਹਾ ਕਿ ਵਿਦੇਸ਼ ਮੰਤਰੀ ਅਰਾਘਚੀ ਦੀ ਅਗਵਾਈ ਵਿੱਚ ਈਰਾਨੀ ਵਫ਼ਦ ਟਰੰਪ ਦੀਆਂ ਟਿੱਪਣੀਆਂ ਦੇ ਵਿਰੋਧ ਵਿੱਚ ਮੀਟਿੰਗ ਤੋਂ ਵਾਕਆਊਟ ਕਰ ਗਿਆ। ਉਨ੍ਹਾਂ ਕਿਹਾ ਕਿ ਨਿਊਯਾਰਕ ਵਿੱਚ ਸੰਯੁਕਤ ਰਾਸ਼ਟਰ ਵਿੱਚ ਈਰਾਨ ਦੇ ਸਥਾਈ ਮਿਸ਼ਨ ਤੋਂ ਇੱਕ ਡਿਪਲੋਮੈਟ ਆਮ ਪ੍ਰਕਿਰਿਆ ਅਨੁਸਾਰ ਮੀਟਿੰਗ ਵਿੱਚ ਮੌਜੂਦ ਰਿਹਾ ਅਤੇ ਚਰਚਾਵਾਂ ਦੀ ਨਿਗਰਾਨੀ ਕੀਤੀ। ਸ਼੍ਰੀ ਬਾਘਾਈ ਨੇ ਕਿਹਾ ਕਿ ਈਰਾਨੀ ਡਿਪਲੋਮੈਟਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਵਿਕਾਸ ਦੀ ਨਿਗਰਾਨੀ ਕਰਨ ਅਤੇ ਅਜਿਹੀਆਂ ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਈਰਾਨ ਦੀ ਮਜ਼ਬੂਤ ? ?ਮੌਜੂਦਗੀ ਨੂੰ ਬਣਾਈ ਰੱਖਣ।

## ਸੀਐਨਐਨ 'ਤੇ ਵਰ੍ਹੇ ਟਰੰਪ, ਕਿਹਾ, "ਤੁਹਾਨੂੰ ਇੱਥੇ ਨਹੀਂ ਹੋਣਾ ਚਾਹੀਦਾ"



ਨਿਊਯਾਰਕ- ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਮਹੱਤਵਪੂਰਨ ਕੂਟਨੀਤਕ ਗਤੀਵਿਧੀਆਂ ਦੇ ਵਿਚਕਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਵਿਸ਼ਵ ਸੰਸਥਾ ਦੇ ਆਪਣੇ ਦੌਰੇ ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਪ੍ਰਮੁੱਖ ਅਮਰੀਕੀ ਨਿਊਜ਼ ਨੈੱਟਵਰਕ ਸੀਐਨਐਨ ਦੀ ਇੱਕ ਪ੍ਰਮੁੱਖ ਪੱਤਰਕਾਰ ਕੈਟਲਿਨ ਕੋਲਿਨਜ਼ ਨੂੰ ਨਿਸ਼ਾਨਾ ਬਣਾਇਆ ਗਿਆ। ਟਰੰਪ ਨੇ ਉਨ੍ਹਾਂ ਨੂੰ ਕਿਹਾ, ÷ਤੁਹਾਨੂੰ ਇੱਥੇ ਨਹੀਂ ਹੋਣਾ ਚਾਹੀਦਾ।÷ ਟਰੰਪ ਮੰਗਲਵਾਰ ਨੂੰ ਜਨਰਲ ਅਸੈਂਬਲੀ ਨੂੰ ਆਪਣੇ ਸੰਬੋਧਨ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਦੇ ਮੁੱਖ ਦਫਤਰ ਪਹੁੰਚੇ ਅਤੇ ਕੋਲਿਨਜ਼ ਨੂੰ ਕਿਹਾ, ÷ਮੈਂ ਹੈਰਾਨ ਹਾਂ ਕਿ ਸੀਐਨਐਨ ਇੱਥੇ ਮੈਨੂੰ ਕਵਰ ਕਰ ਰਿਹਾ ਹੈ। ਤੁਹਾਨੂੰ ਇੱਥੇ ਮੈਨੂੰ ਕਵਰ ਨਹੀਂ ਕਰਨਾ ਚਾਹੀਦਾ। ਤੁਸੀਂ ਕਿਹਾ ਸੀ ਕਿ ਤੁਸੀਂ ਮੈਨੂੰ ਕਵਰ ਨਹੀਂ ਕਰੋਗੇ।ਹਾਲਾਂਕਿ ਕੋਲਿਨਜ਼ ਨੇ ਬਾਅਦ ਵਿੱਚ ਪ੍ਰਸਾਰਣ ਤੇ ਕਿਹਾ ਕਿ ਸੀਐਨਐਨ ਨੇ ਕਦੇ ਅਜਿਹਾ ਨਹੀਂ ਕਿਹਾ। ਇਹ ਟਕਰਾਅ ਟਰੰਪ ਪ੍ਰਸ਼ਾਸਨ ਵੱਲੋਂ ਸੀਐਨਐਨ, ਮਿਸ ਨਾਓ ਅਤੇ ਪੋਲੀਟਿਕੋ ਨੂੰ ਵ੍ਹਾਈਟ ਹਾਊਸ ਕੰਪਲੈਕਸ, ਅਮਰੀਕੀ ਰਾਸ਼ਟਰਪਤੀ ਦੇ ਅਧਿਕਾਰਤ ਨਿਵਾਸ ਅਤੇ ਦਫਤਰ ਤੋਂ ਪਾਬੰਦੀ ਲਗਾਉਣ ਤੋਂ ਕੁਝ ਦਿਨ ਬਾਅਦ ਆਇਆ ਹੈ। ਸੀਐਨਐਨ ਨੂੰ ਰਾਸ਼ਟਰਪਤੀ ਦੇ ਮੀਡੀਆ ਪੂਲ (ਪੱਤਰਕਾਰਾਂ ਦਾ ਇੱਕ ਚੋਣਵਾਂ ਸਮੂਹ) ਤੋਂ ਵੀ ਹਟਾ ਦਿੱਤਾ ਗਿਆ ਸੀ। ਹਾਲਾਂਕਿ ਇਸਨੂੰ ਨਿਯਮਿਤ ਤੌਰ @ਤੇ ਸੰਯੁਕਤ ਰਾਸ਼ਟਰ ਵਿੱਚ ਇੱਕ ਮਾਨਤਾ ਪ੍ਰਾਪਤ ਮੀਡੀਆ ਸੰਗਠਨ ਵਜੋਂ ਸਵੀਕਾਰ ਕੀਤਾ ਜਾਂਦਾ ਹੈ। ਤਿੰਨਾਂ ਮੀਡੀਆ ਸੰਗਠਨਾਂ ਨੇ ਸੋਮਵਾਰ ਨੂੰ ਪ੍ਰਸ਼ਾਸਨ ਵਿਰੁੱਧ ਮੁਕੱਦਮਾ ਦਾਇਰ ਕੀਤਾ, ਪਾਬੰਦੀ ਨੂੰ ਗੈਰ-ਸੰਵਿਧਾਨਕ ਘੋਸ਼ਿਤ ਕਰਨ ਦੀ ਮੰਗ ਕੀਤੀ। ਇਸ ਮਾਮਲੇ ਦੀ ਸੁਣਵਾਈ ਬੁੱਧਵਾਰ ਨੂੰ ਹੋਣੀ ਹੈ। ਟਰੰਪ ਨੇ ਬਾਅਦ ਵਿੱਚ ਆਪਣੇ ਸਟੈਂਡ ਨੂੰ ਦੁਹਰਾਉਂਦੇ ਹੋਏ ਨਕਾਰਾਤਮਕ ਮੀਡੀਆ ਕਵਰੇਜ ਨੂੰ ਦੇਸ਼ ਲਈ ਖ਼ਤਰਨਾਕ ਦੱਸਿਆ। ਟਰੰਪ ਅਤੇ ਮੀਡੀਆ ਸੰਗਠਨਾਂ ਵਿਚਕਾਰ ਇਹ ਵਿਵਾਦ ਵਧਦਾ ਹੀ ਜਾ ਰਿਹਾ ਹੈ। ਹੋਰ ਪ੍ਰਮੁੱਖ ਸਮਾਚਾਰ ਸੰਗਠਨਾਂ ਨੇ ਵੀ ਪਾਬੰਦੀ ਦਾ ਵਿਰੋਧ ਕਰਨ ਵਿੱਚ CNN, MSN Now ਅਤੇ Politico ਨਾਲ ਇਕਜੁੱਟਤਾ ਪ੍ਰਗਟ ਕੀਤੀ ਹੈ।




# ‘ਹੁਣ ਭਾਰਤ ਸਰਕਾਰ ਹੀ ਸਾਡੇ ਪੁੱਤ ਨੂੰ ਬਚਾ ਸਕਦੀ’

## ਸਾਊਦੀ ਅਰਬ ’ਚ ਬਲਜਿੰਦਰ ਨੂੰ ਸੁਣਾਈ ਗਈ ਮੌਤ ਦੀ ਸਜ਼ਾ, ਪਰਿਵਾਰ ਨੇ ਲਾਈ ਗੁਹਾਰ

ਸਾਡੇ ਪੁੱਤ ਨੂੰ ਹੁਣ ਮੋਦੀ ਸਰਕਾਰ ਅਤੇ ਖ਼ੁਦ ਮੋਦੀ ਹੀ ਬਚਾ ਸਕਦੇ ਹਨ, ਬਾਕੀ ਸਾਰੇ ਰਾਹ ਬੰਦ ਹੋ ਚੁੱਕੇ ਹਨ। ਅਸੀਂ ਸਾਰੀਆਂ ਅਦਾਲਤਾਂ, ਇੱਥੋਂ ਤੱਕ ਕਿ ਸਾਊਦੀ ਅਰਬ ਦੀ ਸੁਪਰੀਮ ਕੋਰਟ ਤੱਕ ਕੋਸ਼ਿਸ਼ ਕਰ ਲਈ, ਪਰ ਉਸ ਦੀ ਸਜ਼ਾ ਬਰਕਰਾਰ ਹੈ। ਇਹ ਸ਼ਬਦ ਹਨ ਪਠਾਨਕੋਟ ਦੇ ਸੁਜਾਨਪੁਰ ਇਲਾਕੇ ਦੇ ਪਿੰਡ ਫਿਰੋਜ਼ਪੁਰ ਕਲਾਂ ਦੇ ਰਹਿਣ ਵਾਲੇ ਬਲਜਿੰਦਰ ਸਿੰਘ ਦੇ ਬਜ਼ੁਰਗ ਮਾਪਿਆਂ ਦੇ ਹਨ। ਬਲਜਿੰਦਰ ਸਿੰਘ ਨੂੰ ਸਾਊਦੀ ਅਰਬ ਵਿੱਚ ਨਸ਼ੀਲੇ ਪਦਾਰਥਾਂ ਦੀ ਕਥਿਤ ਬਰਾਮਦਗੀ ਦੇ ਮਾਮਲੇ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਹੈ। ਹੁਣ ਉਨ੍ਹਾਂ ਦਾ ਪਰਿਵਾਰ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਮਦਦ ਦੀ ਅਪੀਲ ਕਰ ਰਿਹਾ ਹੈ। ਬਲਜਿੰਦਰ ਸਿੰਘ ਸਾਊਦੀ ਅਰਬ ਵਿੱਚ ਟਰੱਕ ਡਰਾਈਵਰ ਵਜੋਂ ਕੰਮ ਕਰਦੇ ਸਨ। ਪੰਜਾਬ ਵਿੱਚ ਬਲਜਿੰਦਰ ਸਿੰਘ ਦੇ ਘਰ ਅੱਜਕੱਲ੍ਹ ਦੌਰਾਨ ਰਿਸ਼ਤੇਦਾਰਾਂ, ਪੱਤਰਕਾਰਾਂ ਅਤੇ ਹੋਰ ਲੋਕਾਂ ਦਾ ਲਗਾਤਾਰ ਆਉਣਾ-ਜਾਉਣਾ ਹੈ। ਘਰ ਵਿੱਚ ਉਸ ਦੇ ਬਜ਼ੁਰਗ ਮਾਤਾ-ਪਿਤਾ, ਪਤਨੀ ਅਤੇ ਦੋ ਛੋਟੇ ਬੱਚੇ ਹਨ। ਪਰਿਵਾਰ ਦੇ ਚਿਹਰਿਆਂ ਤੋਂ ਚਿੰਤਾ ਅਤੇ ਬੇਬਸੀ ਸਾਫ਼ ਨਜ਼ਰ ਆਉਂਦੀ ਹੈ।



**ਪਰਿਵਾਰ ਦਾ ਕੀ ਕਹਿਣਾ ਹੈ**

ਬਲਜਿੰਦਰ ਦੇ ਪਿਤਾ ਜਸਵਿੰਦਰ ਸਿੰਘ ਦੱਸਦੇ ਹਨ ਕਿ ਉਨ੍ਹਾਂ ਦਾ ਪਰਿਵਾਰ ਪਹਿਲਾਂ ਆਮ ਤਰੀਕੇ ਨਾਲ ਖ਼ੁਸ਼ਹਾਲ ਜ਼ਿੰਦਗੀ ਜਿਉਂ ਰਿਹਾ ਸੀ। ਉਨ੍ਹਾਂ ਦੇ ਦੋ ਪੁੱਤਰ ਹਨ ਅਤੇ ਦੋਵੇਂ ਵਿਦੇਸ਼ ਵਿੱਚ ਕੰਮ ਕਰਦੇ ਹਨ। ਪਰਿਵਾਰ ਆਪਣੇ ਆਪ ਨੂੰ ਅੰਮ੍ਰਿਤਧਾਰੀ ਗੁਰਸਿੱਖ ਪਰਿਵਾਰ ਦੱਸਦਾ ਹੈ। ਪਰ ਹੁਣ ਬਲਜਿੰਦਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੂਰੇ ਪਰਿਵਾਰ ਦੀ ਜ਼ਿੰਦਗੀ ਬਦਲ ਗਈ ਹੈ। ਜਸਵਿੰਦਰ ਸਿੰਘ ਦਾ ਕਹਿਣਾ ਹੈ, ਅਸੀਂ ਵੱਖ-ਵੱਖ ਅਦਾਲਤਾਂ ਵਿੱਚ ਮਾਮਲਾ ਲੜਨ ਦੀ ਕੋਸ਼ਿਸ਼ ਕੀਤੀ ਅਤੇ ਹੁਣ ਸੁਪਰੀਮ ਕੋਰਟ ਵੱਲੋਂ ਵੀ ਮੌਤ ਦੀ ਸਜ਼ਾ ਬਰਕਰਾਰ ਰੱਖੀ ਜਾ ਚੁੱਕੀ ਹੈ। ਇਸ ਤੋਂ ਬਾਅਦ ਪਰਿਵਾਰ ਦੀ ਉਮੀਦ ਹੁਣ ਭਾਰਤ ਸਰਕਾਰ ਵੱਲ ਹੈ।

ਬਲਜਿੰਦਰ ਦੀ ਪਤਨੀ ਸੁਨੀਲ ਲਤਾ ਦੱਸਦੇ ਹਨ ਕਿ ਜਿਸ ਦਿਨ ਤੋਂ ਉਨ੍ਹਾਂ ਦੇ ਪਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਘਰ ਦੀ ਸਥਿਤੀ ਬਦਲ ਗਈ ਹੈ। ਹਾਲਾਂਕਿ ਹਫ਼ਤੇ ਵਿੱਚ ਇੱਕ-ਦੋ ਵਾਰ ਜੇਲ੍ਹ ਤੋਂ ਬਲਜਿੰਦਰ ਦਾ ਫੋਨ ਆ ਜਾਂਦਾ ਹੈ, ਪਰ ਪਰਿਵਾਰ ਹਰ ਰੋਜ਼ ਇਸ ਉਮੀਦ ਨਾਲ ਅਰਦਾਸ ਕਰਦਾ ਹੈ ਕਿ ਕੋਈ ਚੰਗੀ ਖ਼ਬਰ ਆਵੇਗੀ। ਸੁਨੀਲ ਲਤਾ ਮੁਤਾਬਕ, ÷ਅਸੀਂ ਪੰਜਾਬ ਵਿੱਚ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਕਈ ਆਗੂਆਂ ਨੂੰ ਮਿਲੇ ਹਾਂ। ਇਸ ਤੋਂ ਇਲਾਵਾ ਭਾਰਤ ਦੇ ਵਿਦੇਸ਼ ਮੰਤਰਾਲੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਮਦਦ ਲਈ ਈਮੇਲ ਕੀਤੀ ਗਈ ਹੈ।÷ ਦੁਬਈ ਵਿੱਚ ਰਹਿੰਦੇ ਬਲਜਿੰਦਰ ਦੇ ਛੋਟੇ ਭਰਾ ਵੱਲੋਂ ਵੀ ਭਾਰਤ ਸਰਕਾਰ ਨੂੰ ਈਮੇਲ ਅਤੇ ਭਾਰਤੀ ਦੂਤਾਵਾਸ ਨੂੰ ਪੱਤਰ ਭੇਜ ਕੇ ਮਦਦ ਦੀ ਅਪੀਲ ਕੀਤੀ ਗਈ ਹੈ। ਪਰ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਹਾਲੇ ਤੱਕ ਕੋਈ ਜਵਾਬ ਨਹੀਂ ਮਿਲਿਆ। ਸੁਨੀਲ ਲਤਾ ਕਹਿੰਦੇ ਹਨ, ÷ਮੇਰੇ ਪਤੀ ਨੇ ਕਦੇ ਨਸ਼ਾ ਨਹੀਂ ਕੀਤਾ ਅਤੇ ਨਾ ਹੀ ਉਸ ਖ਼ ?ਲਾਫ਼ ਭਾਰਤ ਵਿੱਚ ਕੋਈ ਮਾਮਲਾ ਦਰਜ ਹੈ। ਬਲਜਿੰਦਰ ਅੰਮ੍ਰਿਤਧਾਰੀ ਗੁਰਸਿੱਖ ਹਨ ਅਤੇ ਉਹ ਸਿਰਫ਼ ਇੱਕ ਬਿਮਾਰ ਬਜ਼ੁਰਗ ਲਈ ਦਵਾਈ ਦਾ ਪੈਕੇਟ ਲੈ ਕੇ ਜਾ ਰਹੇ ਸਨ। ਸੁਨੀਲ ਲਤਾ ਦੱਸਦੇ ਹਨ ਕਿ ਉਨ੍ਹਾਂ ਦੀ 12 ਸਾਲ ਦੀ ਧੀ ਘੱਟ ਸਵਾਲ ਕਰਦੀ ਹੈ, ਪਰ ਛੋਟਾ ਪੁੱਤਰ ਵਾਰ-ਵਾਰ ਆਪਣੇ ਪਿਤਾ ਬਾਰੇ ਪੁੱਛਦਾ ਹੈ। ਉਹ ਕਹਿੰਦੇ ਹਨ ਕਿ ਬੱਚਿਆਂ ਦੇ ਕਈ ਸਵਾਲਾਂ ਦੇ ਜਵਾਬ ਉਨ੍ਹਾਂ ਕੋਲ ਨਹੀਂ ਹਨ। ਦੂਜੇ ਪਾਸੇ ਬਜ਼ੁਰਗ ਮਾਤਾ-ਪਿਤਾ ਵੀ ਇਸ ਸਦਮੇ ਕਾਰਨ ਬਿਮਾਰ ਰਹਿੰਦੇ ਹਨ। ਪਰਿਵਾਰ ਦੀ ਹੁਣ ਮੁੱਖ ਅਪੀਲ ਭਾਰਤ ਸਰਕਾਰ ਨੂੰ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਊਦੀ ਅਰਬ ਵਿੱਚ ਬਲਜਿੰਦਰ ਸਿੰਘ ਦੀ ਮੌਤ ਦੀ ਸਜ਼ਾ ਬਰਕਰਾਰ ਰਹਿਣ ਤੋਂ ਬਾਅਦ ਆਖ਼ਰੀ ਉਮੀਦ ਕੇਂਦਰ ਸਰਕਾਰ ਤੋਂ ਹੈ। ਪਰਿਵਾਰ ਚਾਹੁੰਦਾ ਹੈ ਕਿ ਭਾਰਤ ਸਰਕਾਰ ਸਾਊਦੀ ਅਰਬ ਦੀ ਸਰਕਾਰ ਕੋਲ ਇਹ ਮਾਮਲਾ ਉਠਾਏ ਅਤੇ ਬਲਜਿੰਦਰ ਦੀ ਸਜ਼ਾ ਤੋਂ ਰਾਹਤ ਦਿਵਾਉਣ ਲਈ ਕੋਸ਼ਿਸ਼ ਕਰੇ।

**ਵਕੀਲ ਨੇ ਕੀ ਦੱਸਿਆ ?**

ਬਲਜਿੰਦਰ ਸਿੰਘ ਦੀ ਸਜ਼ਾ ਖ਼ ?ਲਾਫ਼ ਸਾਊਦੀ ਅਰਬ ਦੀ ਸੁਪਰੀਮ ਕੋਰਟ ਵਿੱਚ ਕੈਸੇਸ਼ਨ ਪਟੀਸ਼ਨ ਦਾਇਰ ਕਰਨ ਵਾਲੇ ਵਕੀਲ ਅਕਬ-ਅਲ-ਮੁਤੈਰੀ ਨੇ ਈਮੇਲ ਰਾਹੀਂ ਮਾਮਲੇ ਬਾਰੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਸ ਕੇਸ ਵਿੱਚ ਉਨ੍ਹਾਂ ਦੀ ਭੂਮਿਕਾ ਸਿਰਫ਼ ਸੁਪਰੀਮ ਕੋਰਟ ਦੇ ਸਾਹਮਣੇ ਕੈਸੇਸ਼ਨ ਦੀ ਕਾਰਵਾਈ ਤੱਕ ਸੀਮਤ ਸੀ, ਜੋ ਮੁਕੱਦਮੇਬਾਜ਼ੀ ਦਾ ਆਖ਼ਰੀ ਪੜਾਅ ਸੀ। ਉਨ੍ਹਾਂ ਮੁਤਾਬਕ ਟ ?ਰਾਇਲ ਕੋਰਟ ਜਾਂ ਅਪੀਲ ਕੋਰਟ ਵਿੱਚ ਬਲਜਿੰਦਰ ਸਿੰਘ ਦੀ ਨੁਮਾਇੰਦਗੀ ਉਨ੍ਹਾਂ ਨੇ ਨਹੀਂ ਕੀਤੀ ਸੀ। ਉਨ੍ਹਾਂ ਕੋਲ ਮੌਜੂਦ ਜਾਣਕਾਰੀ ਮੁਤਾਬਕ ਇਨ੍ਹਾਂ ਦੋਵਾਂ ਪੜਾਵਾਂ ਦੌਰਾਨ ਬਲਜਿੰਦਰ ਦੀ ਪੈਰਵੀ ਲਈ ਕੋਈ ਵਕੀਲ ਮੌਜੂਦ ਨਹੀਂ ਸੀ। ਵਕੀਲ ਨੇ ਅੱਗੇ ਦੱਸਿਆ ਕਿ ਸੁਪਰੀਮ ਕੋਰਟ ਦੇ ਪੜਾਅ ’ਤੇ ਉਨ੍ਹਾਂ ਨੇ ਬਲਜਿੰਦਰ ਸਿੰਘ ਦੀ ਸਜ਼ਾ ਨੂੰ ਚੁਣੌਤੀ ਦਿੰਦਿਆਂ ਕੈਸੇਸ਼ਨ ਪਟੀਸ਼ਨ ਦਾਇਰ ਕੀਤੀ ਅਤੇ ਉਸ ਦੇ ਪੱਖ ਵਿੱਚ ਸਾਰੇ ਕਾਨੂੰਨੀ ਆਧਾਰ ਅਤੇ ਦਲੀਲਾਂ ਪੇਸ਼ ਕੀਤੀਆਂ। ਹਾਲਾਂਕਿ, ਉਨ੍ਹਾਂ ਮੁਤਾਬਕ ਸਾਊਦੀ ਅਰਬ ਦੀ ਸੁਪਰੀਮ ਕੋਰਟ ਨੇ ਤਾਜ਼ੀਰ ਤਹਿਤ ਦਿੱਤੀ ਮੌਤ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਅਤੇ ਇਸ ਨਾਲ ਕੈਸੇਸ਼ਨ ਦੀ ਕਾਰਵਾਈ ਖ਼ਤਮ ਹੋ ਗਈ। ਹੁਣ ਬਲਜਿੰਦਰ ਸਿੰਘ ਦਾ ਪਰਿਵਾਰ ਭਾਰਤ ਸਰਕਾਰ ਤੋਂ ਦਖ਼ਲ ਦੀ ਮੰਗ ਕਰ ਰਿਹਾ ਹੈ। ਪਰਿਵਾਰ ਦੀ ਅਪੀਲ ਹੈ ਕਿ ਕੇਂਦਰ ਸਰਕਾਰ ਸਾਊਦੀ ਅਰਬ ਦੇ ਅਧਿਕਾਰੀਆਂ ਕੋਲ ਮਾਮਲਾ ਉਠਾ ਕੇ ਬਲਜਿੰਦਰ ਦੀ ਮੌਤ ਦੀ ਸਜ਼ਾ ਤੋਂ ਰਾਹਤ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰੇ।

### ਕੀ ਹੈ ਮਾਮਲਾ

ਪਰਿਵਾਰ ਮੁਤਾਬਕ ਬਲਜਿੰਦਰ ਸਿੰਘ ਸਾਲ 2024 ਤੋਂ ਸਾਊਦੀ ਅਰਬ ਦੀ ਜੇਲ੍ਹ ਵਿੱਚ ਬੰਦ ਹਨ। ਇਸ ਤੋਂ ਪਹਿਲਾਂ ਉਹ 2017 ਤੋਂ ਦੁਬਈ ਵਿੱਚ ਰੁਜ਼ਗਾਰ ਲਈ ਰਹਿ ਰਹੇ ਸੀ ਅਤੇ ਟਰੱਕ ਡਰਾਈਵਰ ਵਜੋਂ ਕੰਮ ਕਰਦੇ ਸੀ। ਪਰਿਵਾਰ ਦੱਸਦਾ ਹੈ ਕਿ 2023 ਵਿੱਚ ਛੁੱਟੀ ਕੱਟਣ ਤੋਂ ਬਾਅਦ ਉਹ ਮੁੜ ਵਿਦੇਸ਼ ਗਏ ਸੀ। ਪਰਿਵਾਰ ਮੁਤਾਬਕ 6 ਫਰਵਰੀ 2024 ਨੂੰ ਬਲਜਿੰਦਰ ਸਿੰਘ ਦੁਬਈ ਤੋਂ ਟਰੱਕ ਲੈ ਕੇ ਸਾਊਦੀ ਅਰਬ ਜਾ ਰਹੇ ਸੀ। ਸਾਊਦੀ ਅਰਬ ਦੀ ਸਰਹੱਦ ਤੋਂ ਪਹਿਲਾਂ ਜਿੱਥੇ ਉਹ ਕੁਝ ਸਮੇਂ ਲਈ ਰੁਕਿਆ, ਉੱਥੇ ਇੱਕ ਵਿਅਕਤੀ ਨੇ ਉਸ ਨੂੰ ਸਾਊਦੀ ਅਰਬ ਵਿੱਚ ਰਹਿੰਦੇ ਆਪਣੇ ਬਜ਼ੁਰਗ ਪਿਤਾ ਦੀ ਵੀਡੀਓ ਦਿਖਾਈ ਅਤੇ ਦਵਾਈ ਦਾ ਇੱਕ ਪੈਕੇਟ ਉੱਥੇ ਪਹੁੰਚਾਉਣ ਦੀ ਬੇਨਤੀ ਕੀਤੀ। ਪਰਿਵਾਰ ਦਾ ਕਹਿਣਾ ਹੈ ਕਿ ਬਲਜਿੰਦਰ ਨੇ ਬਿਮਾਰ ਬਜ਼ੁਰਗ ਤੱਕ ਦਵਾਈ ਪਹੁੰਚਾਉਣ ਲਈ ਪੈਕੇਟ ਲੈ ਲਿਆ। ਹਾਲਾਂਕਿ ਦੁਬਈ-ਸਾਊਦੀ ਸਰਹੱਦ ’ਤੇ ਟਰੱਕ ਦੀ ਤਲਾਸ਼ੀ ਦੌਰਾਨ ਉਸ ਪੈਕੇਟ ਵਿੱਚੋਂ ਕਥਿਤ ਤੌਰ ’ਤੇ ਨਸ਼ੀਲੇ ਪਦਾਰਥ ਬਰਾਮਦ ਹੋਏ, ਜਿਸ ਤੋਂ ਬਾਅਦ ਬਲਜਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਰਿਵਾਰ ਮੁਤਾਬਕ ਇਸ ਮਾਮਲੇ ਵਿੱਚ ਉਹ ਵਿਅਕਤੀ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਨੇ ਸਾਊਦੀ ਅਰਬ ਵਿੱਚ ਪੈਕੇਟ ਲੈਣ ਆਉਣਾ ਸੀ। ਪਰਿਵਾਰ ਦਾ ਕਹਿਣਾ ਹੈ ਕਿ ਮਾਮਲੇ ਦੀ ਸੁਣਵਾਈ ਦੌਰਾਨ ਉਸ ਨੂੰ ਵੀ ਮੌਤ ਦੀ ਸਜ਼ਾ ਸੁਣਾਈ ਗਈ।





# ਜੱਗੀ ਜੌਹਲ ਨੂੰ ਦਿੱਲੀ ਹਾਈ ਕੋਰਟ ਨੇ ਦਿੱਤੀ ਜ਼ਮਾਨਤ, 8 ਸਾਲ ਤੋਂ ਵੱਧ ਸਮੇਂ ਤੋਂ ਜੇਲ੍ਹ ’ਚ ਸੀ

ਨਵੀਂ ਦਿੱਲੀ: ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ਼ ਜੱਗੀ ਜੌਹਲ ਨੂੰ ਦਿੱਲੀ ਹਾਈ ਕੋਰਟ ਨੇ ਵੱਡੀ ਰਾਹਤ ਦਿੰਦਿਆਂ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (NIA) ਵੱਲੋਂ ਦਰਜ 7 ਮਾਮਲਿਆਂ ਵਿੱਚ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਨਵੀਨ ਚਾਵਲਾ ਅਤੇ ਜਸਟਿਸ ਰਵਿੰਦਰ ਦੁਦੇਜਾ ਦੀ ਡਿਵੀਜ਼ਨ ਬੈਂਚ ਨੇ ਸ਼ੁੱਕਰਵਾਰ, 18 ਸਤੰਬਰ ਨੂੰ ਜੌਹਲ ਦੀਆਂ ਜ਼ਮਾਨਤ ਅਰਜ਼ੀਆਂ ’ਤੇ ਇਹ ਹੁਕਮ ਸੁਣਾਇਆ।

ਜੌਹਲ ਨੂੰ ਨਵੰਬਰ 2017 ਵਿੱਚ ਪੰਜਾਬ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਖ਼ ?ਲਾਫ਼ ਪੰਜਾਬ ਵਿੱਚ 2016-17 ਦੌਰਾਨ ਹੋਈਆਂ ਕਥਿਤ ਟਾਰਗੇਟ ਕਿਲਿੰਗਜ਼ ਅਤੇ ਸਾਜ਼ਿਸ਼ ਨਾਲ ਸਬੰਧਤ ਮਾਮਲੇ ਦਰਜ ਹਨ। ਇਨ੍ਹਾਂ ਮਾਮਲਿਆਂ ਵਿੱਚ UAPA ਸਮੇਤ ਕਈ ਗੰਭੀਰ ਧਾਰਾਵਾਂ ਤਹਿਤ ਕਾਰਵਾਈ ਕੀਤੀ ਗਈ ਸੀ। NIA ਵੱਲੋਂ ਜੌਹਲ ’ਤੇ ਇਨ੍ਹਾਂ ਘਟਨਾਵਾਂ ਨਾਲ ਜੁੜੀ ਕਥਿਤ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦੇ ਦੋਸ਼ ਲਗਾਏ ਗਏ ਹਨ। ਜੌਹਲ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕਰਦਾ ਰਿਹਾ ਹੈ।

**8 ਸਾਲ ਤੋਂ ਵੱਧ ਸਮੇਂ ਤੋਂ ਹਿਰਾਸਤ ’ਚ**

ਦਿੱਲੀ ਹਾਈ ਕੋਰਟ ਨੇ ਜ਼ਮਾਨਤ ਦਿੰਦਿਆਂ ਜੌਹਲ ਦੇ ਲੰਬੇ ਸਮੇਂ ਤੋਂ ਜੇਲ੍ਹ ਵਿੱਚ ਰਹਿਣ ਅਤੇ ਮੁਕੱਦਮੇ ਦੀ ਧੀਮੀ ਰਫ਼ਤਾਰ ਨੂੰ ਧਿਆਨ ਵਿੱਚ ਰੱਖਿਆ। ਅਦਾਲਤ ਨੇ ਕਿਹਾ ਕਿ ਉਹ 8 ਸਾਲ ਤੋਂ ਵੱਧ ਸਮੇਂ ਤੋਂ ਹਿਰਾਸਤ ਵਿੱਚ ਹੈ ਅਤੇ ਮੁਕੱਦਮਿਆਂ ਦੇ ਨੇੜਲੇ ਭਵਿੱਖ ਵਿੱਚ ਮੁਕੰਮਲ ਹੋਣ ਦੀ ਸੰਭਾਵਨਾ ਨਹੀਂ ਦਿਖਾਈ ਦਿੰਦੀ।

ਇਸ ਤੋਂ ਪਹਿਲਾਂ ਦਿੱਲੀ ਹਾਈ ਕੋਰਟ ਨੇ 18 ਸਤੰਬਰ 2024 ਨੂੰ ਜੌਹਲ ਦੀਆਂ ਜ਼ਮਾਨਤ ਅਰਜ਼ੀਆਂ ਰੱਦ ਕਰ ਦਿੱਤੀਆਂ ਸਨ। ਇਸ ਤੋਂ ਬਾਅਦ ਮਾਮਲਾ ਸੁਪਰੀਮ ਕੋਰਟ ਪਹੁੰਚਿਆ, ਜਿਸ ਨੇ ਜੁਲਾਈ 2026 ਵਿੱਚ ਮਾਮਲੇ ਨੂੰ ਮੁੜ ਦਿੱਲੀ ਹਾਈ ਕੋਰਟ ਕੋਲ ਵਿਚਾਰ ਲਈ ਭੇਜਿਆ ਸੀ। ਇਸ ਤੋਂ ਬਾਅਦ ਹਾਈ ਕੋਰਟ ਨੇ ਨਵੇਂ ਸਿਰੇ ਤੋਂ ਮਾਮਲੇ ਦੀ ਸੁਣਵਾਈ ਕੀਤੀ।

**ਜ਼ਮਾਨਤ ਨਾਲ ਜੁੜੀਆਂ ਸਖ਼ਤ ਸ਼ਰਤਾਂ**

ਅਦਾਲਤ ਨੇ ਜ਼ਮਾਨਤ ਦੇ ਨਾਲ ਕਈ ਸ਼ਰਤਾਂ ਵੀ ਲਗਾਈਆਂ ਹਨ। ਜੌਹਲ ਨੂੰ 5 ਲੱਖ ਰੁਪਏ ਦਾ ਨਿੱਜੀ ਬਾਂਡ ਅਤੇ ਇਸੇ ਰਕਮ ਦੀਆਂ ਦੋ ਜ਼ਮਾਨਤਾਂ ਦੇਣੀਆਂ ਹੋਣਗੀਆਂ। ਉਸ ਨੂੰ ਆਪਣਾ ਪਾਸਪੋਰਟ ਅਦਾਲਤ ਕੋਲ ਜਮ ?ਹਾਂ ਕਰਵਾਉਣਾ ਹੋਵੇਗਾ ਅਤੇ ਜਾਂਚ ਅਧਿਕਾਰੀ ਨੂੰ ਆਪਣੇ ਸੰਪਰਕ ਵੇਰਵੇ ਦੇਣੇ ਪੈਣਗੇ। ਉਸ ਨੂੰ ਹਰ ਦੋ ਹਫ਼ਤਿਆਂ ਬਾਅਦ ਜਾਂਚ ਅਧਿਕਾਰੀ ਸਾਹਮਣੇ ਪੇਸ਼ ਹੋਣ ਲਈ ਵੀ ਕਿਹਾ ਗਿਆ ਹੈ।



# ਪੰਜਾਬ ਦੀ ਰਾਜਨੀਤੀ 'ਚ 'ਨਸ਼ਾ' ਫਿਰ ਤੋਂ ਕੇਂਦਰ ਬਿੰਦੂ

## 'ਭਾਜਪਾ ਦਾ ਨਾਅਰਾ, ਨਸ਼ਾ ਮੁਕਾਉਣਾ ਸਾਰਾ' ਮੁਹਿੰਮ ਦੇ ਕੀ ਹਨ ਸਿਆਸੀ ਮਾਅਨੇ





### ਪੰਜਾਬ ਦੇ ਕਿਹੜੇ ਜ਼ਿਲ੍ਹਿਆਂ ਨੂੰ 'ਨਸ਼ੇ ਦੇ ਹੌਟ ਸਪਾਟ' ਕਿਹਾ ਗਿਆ

ਵੈਸੇ ਤਾਂ ਨਸ਼ੇ ਦੀਆਂ ਘਟਨਾਵਾਂ ਪੰਜਾਬ ਦੇ ਸਾਰਿਆਂ ਜਿਲਿਆਂ ਵਿੱਚੋਂ ਸਮੇਂ-ਸਮੇਂ ਉੱਤੇ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ ਪਰ ਕੇਂਦਰ ਸਰਕਾਰ ਦੇ ਅਦਾਰੇ ਐੱਨਸੀਬੀ ਮੁਤਾਬਕ ਦੇਸ਼ ਦੇ 272 ਜ਼ਿਲ੍ਹੇ ਨਸ਼ੇ ਦੇ ਹੌਟ ਸਪਾਟ ਵਜੋਂ ਜਾਣੇ ਜਾਂਦੇ ਹਨ ਅਤੇ ਇਸ ਵਿੱਚੋਂ ਪੰਜਾਬ ਦੇ ਸੱਤ ਜ਼ਿਲ੍ਹੇ ਹਨ ਜਿਸ ਵਿੱਚ ਪਠਾਨਕੋਟ ਅਤੇ ਲੁਧਿਆਣਾ ਪ੍ਰਮੁੱਖ ਹਨ। ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਦੀ ਅਗਵਾਈ ਵਿੱਚ ਇਸ ਸਾਲ ਜੂਨ ਮਹੀਨੇ ਵਿੱਚ ਨਾਰਕੋ-ਕੋਆਰਡੀਨੇਸ਼ਨ ਸੈਂਟਰ (NCORD) ਦੀ 10ਵੀਂ ਉੱਚ-ਪੱਧਰੀ ਬੈਠਕ ਵਿੱਚ ÷ਨਸ਼ੀਲੇ ਪਦਾਰਥਾਂ ਦੇ ਕੰਟਰੋਲ 'ਤੇ ਵਿਜ਼ਨ ਡਾਕੂਮੈਂਟ (2026-2029) ਅਤੇ ਐੱਨਸੀਬੀ ਦੀ ਸਾਲਾਨਾ ਰਿਪੋਰਟ - 2025 ਜਾਰੀ ਕੀਤੀ ਗਈ ਸੀ। ਜਿਸ ਵਿੱਚ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 'ਆਨਲਾਈਨ ਡਰੱਗਜ਼ ਡਿਸਪੋਜ਼ਲ ਫੋਰਟਨਾਈਟ ਕੈਂਪੇਨ' ਦੀ ਸ਼ੁਰੂਆਤ ਵੀ ਕੀਤੀ ਜਿਸ ਵਿੱਚ 6,000 ਕਰੋੜ ਰੁਪਏ ਤੋਂ ਵੱਧ ਕੀਮਤ ਦੇ 2,09,500 ਕਿਲੋਗ੍ਰਾਮ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਨ ਦਾ ਟੀਚਾ ਰੱਖਿਆ ਗਿਆ ਹੈ। 16 ਸਤੰਬਰ ਨੂੰ ਚੰਡੀਗੜ੍ਹ ਵਿੱਚ ਐੱਨਸੀਬੀ ਦੇ ਜ਼ੋਨਲ ਡਾਇਰੈਕਟਰ ਅਮਨਜੀਤ ਸਿੰਘ ਨੇ ਦੱਸਿਆ ਸੀ ਕਿ ਭਾਰਤ ਸਰਕਾਰ ਵੱਲੋਂ 2029 ਤੱਕ ਨਸ਼ੇ ਦੇ ਖ਼ਾਤਮੇ ਲਈ ਰੋਡ ਮੈਪ ਤਿਆਰ ਕੀਤਾ ਗਿਆ ਹੈ ਜਿਸ ਉੱਤੇ ਗੰਭੀਰਤਾ ਨਾਲ ਕੰਮ ਕੀਤਾ ਜਾ ਰਿਹਾ ਹੈ।

ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਪੰਜਾਬ ਵਿੱਚ ਨਸ਼ਾ ਵਿਰੋਧੀ ਯਾਤਰਾ ਦਾ ਆਗਾਜ਼ ਸ਼ੁੱਕਰਵਾਰ ਨੂੰ ਪਠਾਨਕੋਟ ਤੋਂ ਕਰ ਦਿੱਤਾ ਹੈ। ਨਸ਼ਾ ਵਿਰੋਧੀ ਯਾਤਰਾ ਮੁਹਿੰਮ ਤਹਿਤ ਭਾਜਪਾ ਅਗਲੇ 13 ਦਿਨਾਂ ਵਿੱਚ ਸੂਬੇ ਵਿੱਚ ਵੱਖ-ਵੱਖ ਥਾਵਾਂ ਤੋਂ ਚਾਰ ਯਾਤਰਾਵਾਂ ਕੱਢ ਰਹੀ ਹੈ, ਜੋ ਹਰ ਵਿਧਾਨ ਸਭਾ ਇਲਾਕੇ ਵਿੱਚ ਜਾਣਗੀਆਂ। ਸਾਰੀਆਂ ਯਾਤਰਾਵਾਂ 30 ਸਤੰਬਰ ਨੂੰ ਜਲੰਧਰ ਵਿੱਚ ਇਕੱਠੀਆਂ ਹੋਣਗੀਆਂ, ਜਿੱਥੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸਮਾਪਤੀ ਰੈਲੀ ਨੂੰ ਸੰਬੋਧਨ ਕੀਤਾ ਜਾਵੇਗਾ। ਇੱਕ ਪਾਸੇ ਜਿੱਥੇ ਭਾਜਪਾ ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਦੀ ਗੱਲ ਕਰ ਰਹੀ ਹੈ, ਉੱਥੇ ਆਮ ਆਦਮੀ ਪਾਰਟੀ ਅਤੇ ਕਾਂਗਰਸ ਇਸ ਮੁੱਦੇ ਉੱਤੇ ਉਲਟਾ ਭਾਜਪਾ ਨੂੰ ਸਵਾਲ ਕਰ ਰਹੀਆਂ ਹਨ, ਉਧਰ ਸਿਆਸੀ ਮਾਮਲਿਆਂ ਦੇ ਜਾਣਕਾਰ ਇਸ ਮੁਹਿੰਮ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਦੇਖ ਰਹੇ ਹਨ। ਨਸ਼ਾ ਪੰਜਾਬ ਦਾ ਇੱਕ ਵੱਡਾ ਸਿਆਸੀ ਅਤੇ ਸਮਾਜਿਕ ਮੁੱਦਾ ਹੈ ਅਤੇ ਪਿਛਲੀਆਂ ਤਿੰਨ ਵਿਧਾਨ ਸਭਾ ਚੋਣਾਂ ਦੌਰਾਨ ਇਹ ਅਹਿਮ ਮੁੱਦਾ ਰਿਹਾ ਹੈ। ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਨਸ਼ਾ ਖ਼ਤਮ ਕਰਨ ਦਾ ਦਾਅਵਾ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੀਤਾ ਸੀ ਪਰ ਸਰਕਾਰ ਅਜੇ ਤੱਕ ਨਸ਼ੇ ਨੂੰ ਜੜ ਤੋਂ ਖ਼ਤਮ ਕਰਨ ਵਿੱਚ ਅਸਫਲ ਰਹੀ ਹੈ। ਵੈਸੇ ਸਰਕਾਰ ਨੇ ਯੁੱਧ ਨਸ਼ਿਆਂ ਵਿਰੋਧ ਮੁਹਿੰਮ ਸ਼ੁਰੂ ਕੀਤੀ ਹੋਈ ਹੈ ਜਿਸ ਤਹਿਤ ਨਸ਼ੇ ਦੀ ਸਮਗਲਿੰਗ, ਨਸ਼ੇ ਦੀ ਬਰਾਮਦਗੀ ਅਤੇ ਨਸ਼ਾ ਪੀੜਤਾਂ ਦਾ ਪੁਨਰਵਾਸ ਕੀਤਾ ਜਾ ਰਿਹਾ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਮੁਤਾਬਕ 'ਯੁੱਧ ਨਸ਼ਿਆਂ ਵਿਰੁੱਧ' ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਪੰਜਾਬ ਪੁਲਿਸ ਵੱਲੋਂ 60,582 ਮਾਮਲੇ ਦਰਜ ਕੀਤੇ ਗਏ ਹਨ, 708 ਵੱਡੇ ਤਸਕਰਾਂ ਸਣੇ 79,784 ਨਸ਼ਾ ਤਸਕਰ ਗ੍ਰਿਫ਼ਤਾਰ ਕੀਤੇ ਗਏ ਹਨ।

**ਕੀ ਹੈ 'ਭਾਜਪਾ ਦਾ ਨਾਅਰਾ, ਨਸ਼ਾ ਮੁਕਾਉਣਾ ਸਾਰਾ' ਮੁਹਿੰਮ**

ਪੰਜਾਬ ਭਾਜਪਾ ਵੱਲੋਂ ਨਸ਼ਾ ਵਿਰੋਧੀ ਮੁਹਿੰਮ ਤਹਿਤ ਪਠਾਨਕੋਟ, ਫ਼ਤਿਹਗੜ੍ਹ ਸਾਹਿਬ, ਫ਼ਾਜ਼ਿਲਕਾ ਅਤੇ ਤਲਵੰਡੀ ਸਾਬੋ ਤੋਂ ਚਾਰ ਯਾਤਰਾਵਾਂ ਕੱਢੀਆਂ ਜਾ ਰਹੀਆਂ ਹਨ ਜਿਸ ਵਿੱਚ ਕਰੀਬ 4,000 ਕਿਲੋਮੀਟਰ ਦੀ ਦੂਰੀ ਅਤੇ ਸਾਰੀਆਂ 117 ਵਿਧਾਨ ਸਭਾ ਸੀਟਾਂ ਨੂੰ ਕਵਰ ਕੀਤਾ ਜਾਵੇਗਾ। 'ਭਾਜਪਾ ਦਾ ਨਾਅਰਾ, ਨਸ਼ਾ ਮੁਕਾਉਣਾ ਸਾਰਾ,' ਨਾਅਰੇ ਤਹਿਤ ਕੱਢੀ ਜਾਣ ਵਾਲੀ ਪਹਿਲੀ ਯਾਤਰਾ ਵੀਰਵਾਰ ਨੂੰ ਪਠਾਨਕੋਟ ਤੋਂ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ, ਜਿਸ ਵਿੱਚ ਪੰਜਾਬ ਭਾਜਪਾ ਦੀ ਪੂਰੀ ਲੀਡਰਸ਼ਿਪ ਦਿਖਾਈ ਦਿੱਤੀ। ਇਸ ਦੌਰਾਨ ਨਿਤਿਨ ਨਬੀਨ ਨੇ ਆਖਿਆ ਨਸ਼ਾ ਵੱਡੀ ਸਮੱਸਿਆ ਹੈ ਅਤੇ ਇਸ ਤਹਿਤ ਚਾਰ ਸੂਤਰੀ ਪ੍ਰੋਗਰਾਮ ਤਹਿਤ ਕੰਮ ਕੀਤਾ ਜਾਵੇਗਾ, ਜਿਸ ਤਹਿਤ ਪਹਿਲਾਂ ਨਸ਼ੇ ਦੀ ਸਪਲਾਈ ਚੇਨ ਨੂੰ ਤੋੜਨਾ ਹੈ, ਦੂਜਾ ਨਸ਼ੇ ਦੇ ਸਮਗਲਰਾਂ ਨੂੰ ਗ੍ਰਿਫਤਾਰ ਕਰਨਾ ਹੈ, ਤੀਜਾ ਨਸ਼ੇ ਤੋਂ ਕਮਾਈ ਜਾਇਦਾਦ ਨੂੰ ਖ਼ਤਮ ਕਰਨਾ ਹੈ ਅਤੇ ਚੌਥਾ ਨਸ਼ੇ ਦੇ ਪੀੜਤਾਂ ਦੇ ਪੁਨਰਵਾਸ ਲਈ ਯਤਨ ਕੀਤੇ ਜਾਣਗੇ। ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੇਸ਼ ਵਿਚੋਂ ਨਕਸਲਵਾਦ ਨੂੰ ਖ਼ਤਮ ਕਰਨ ਦੀ ਤਰਜ਼ ਉੱਤੇ ਪੰਜਾਬ ਵਿੱਚੋਂ ਵੀ ਸਰਕਾਰ ਬਣਨ ਦੇ ਦੋ ਸਾਲ ਦੇ ਅੰਦਰ ਨਸ਼ੇ ਦੀ ਜੜ ਵੱਢਣ ਦਾ ਵਾਅਦਾ ਸੂਬੇ ਦੇ ਲੋਕਾਂ ਨਾਲ ਕਰ ਰਹੀ ਹੈ ਅਤੇ ਇਸ ਗੱਲ ਨੂੰ ਭਾਜਪਾ ਦੇ ਕੌਮੀ ਪ੍ਰਧਾਨ ਨੇ ਸ਼ੁੱਕਰਵਾਰ ਨੂੰ ਮੰਚ ਉੱਤੇ ਦੁਹਰਾਇਆ ਵੀ। ਪੰਜਾਬ ਭਾਜਪਾ ਦੇ ਜਨਰਲ ਸਕੱਤਰ ਰਾਜੇਸ਼ ਕੁਮਾਰ ਬਾਘਾ ਨੂੰ ਨਸ਼ਾ ਮੁਕਤ ਪੰਜਾਬ ਯਾਤਰਾ ਦਾ ਇੰਚਾਰਜ ਲਗਾਇਆ ਗਿਆ ਹੈ। ਇਸ ਤੋਂ ਇਲਾਵਾ 19 ਸਤੰਬਰ ਨੂੰ ਦਿੱਲੀ ਦੀ ਮੁੱਖ ਮੰਤਰ ਰੇਖਾ ਗੁਪਤਾ ਫ਼ਤਿਹਗੜ੍ਹ ਸਾਹਿਬ ਤੋਂ ਦੂਜੀ, ਕੇਂਦਰੀ ਕਾਨੂੰਨ ਮੰਤਰੀ ਅਰਜੁਨ ਮੇਘਵਾਲ 20 ਸਤੰਬਰ ਨੂੰ ਫ਼ਾਜ਼ਿਲਕਾ ਤੋਂ ਤੀਜੀ, ਅਤੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ 21 ਸਤੰਬਰ ਨੂੰ ਤਲਵੰਡੀ ਸਾਬੋ, ਬਠਿੰਡਾ ਤੋਂ ਚੌਥੀ ਯਾਤਰਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨਗੇ। ਪੰਜਾਬ ਭਾਜਪਾ ਦੇ ਇੰਚਾਰਜ ਵਿਨੀਤ ਜੋਸ਼ੀ ਨੇ ਬੀਬੀਸੀ ਪੰਜਾਬੀ ਨਾਲ ਗੱਲ ਕਰਦਿਆਂ ਆਖਿਆ ÷ਇੱਕ ਸਮੇਂ ਵਿੱਚ 100 ਤੋਂ ਵੱਧ ਵਾਹਨਾਂ ਦੇ ਨਾਲ ਚੱਲਣ ਵਾਲੀ ਯਾਤਰਾ ਹਰ ਵਿਧਾਨ ਸਭਾ ਹਲਕੇ ਵਿੱਚ ਜਾਵੇਗੀ। ਜਿਸ ਵਿੱਚ ਪ੍ਰਮੁੱਖ ਆਗੂ ਮੁੱਖ ਵਾਹਨ ਵਿੱਚ ਹੋਣਗੇ ਅਤੇ ਸਥਾਨਕ ਜ਼ਿਲ੍ਹੇ ਦੀਆਂ ਗੱਡੀਆਂ ਪਿੱਛੇ ਚੱਲਣਗੀਆਂ। ਅਗਲੇ ਜ਼ਿਲ੍ਹੇ ਦੀ ਸਰਹੱਦ 'ਤੇ, ਉਸ ਜ਼ਿਲ੍ਹੇ ਦੀਆਂ ਗੱਡੀਆਂ ਪਿਛਲੀਆਂ ਗੱਡੀਆਂ ਦੀ ਜਗ ?ਹਾ ਲੈ ਲੈਣਗੀਆਂ ਤਾਂ ਕਿ ਹਰ ਜ਼ਿਲ੍ਹੇ ਦੀ ਸਥਾਨਕ ਲੀਡਰਸ਼ਿਪ ਆਪਣੇ ਖੇਤਰ ਵਿੱਚ ਦਿਖਾਈ ਦੇਵੇ। ਉਨ੍ਹਾਂ ਮੁਤਾਬਕ ਯਾਤਰਾ ਦੇ ਪ੍ਰਮੁੱਖ ਵਹੀਕਲ ਨੂੰ ਰੱਥ ਦਾ ਰੂਪ ਦਿੱਤਾ ਗਿਆ ਹੈ ਅਤੇ ਇਸ ਦਾ ਡਿਜ਼ਾਈਨ ਉਸ ਵਾਹਨ ਵਰਗਾ ਹੈ, ਜੋ ਭਾਜਪਾ ਨੇ ਇਸੇ ਸਾਲ ਮਾਰਚ ਮਹੀਨੇ ਵਿੱਚ ਪੱਛਮੀ ਬੰਗਾਲ ਵਿੱਚ ਆਪਣੀ ਪਰਿਵਰਤਨ ਯਾਤਰਾ ਦੌਰਾਨ ਵਰਤਿਆ ਸੀ।

**ਆਮ ਆਦਮੀ ਪਾਰਟੀ ਅਤੇ ਕਾਂਗਰਸ ਦਾ ਭਾਜਪਾ ਨੂੰ ਸਵਾਲ**

ਪੰਜਾਬ ਭਾਜਪਾ ਦੀ 'ਨਸ਼ਾ ਮੁਕਤ ਪੰਜਾਬ ਯਾਤਰਾ' ਨੂੰ ਆਮ ਆਦਮੀ ਪਾਰਟੀ ਨੇ ਸਿਆਸੀ ਨੌਟੰਕੀ ਕਰਾਰ ਦਿੱਤਾ ਹੈ। ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਮੁਤਾਬਕ 2007 ਤੋਂ 2017 ਤੱਕ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਦੌਰਾਨ ਹੀ ਪੰਜਾਬ ਵਿੱਚ 'ਚਿੱਟੇ' (ਸਿੰਥੈਟਿਕ ਨਸ਼ੇ) ਦਾ ਸਭ ਤੋਂ ਵੱਧ ਪ੍ਰਸਾਰ ਹੋਇਆ ਸੀ। ਉਸ ਸਮੇਂ ਭਾਜਪਾ ਨੇ ਅਜਿਹੀ ਕੋਈ ਯਾਤਰਾ ਕਿਉਂ ਨਹੀਂ ਕੱਢੀ ?

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਪੰਜਾਬ ਸਰਕਾਰ ਨਸ਼ੇ ਨੂੰ ਰੋਕਣ ਲਈ ਯਤਨ ਕਰ ਰਹੀ ਹੈ ਪਰ ਭਾਜਪਾ ਇਸ ਮੁੱਦੇ ਉੱਤੇ ਸਿਆਸਤ ਕਰਨ ਵਿੱਚ ਲੱਗੀ ਹੋਈ ਹੈ। ਉਨ੍ਹਾਂ ਆਖਿਆ ਭਾਜਪਾ ਆਪਣੇ ਸ਼ਾਸਨ ਵਾਲੇ ਰਾਜਾਂ ਵਿੱਚ ਨਸ਼ਿਆਂ ਦੇ ਮੁੱਦੇ 'ਤੇ ਚੁੱਪ ਹੈ ਅਤੇ ਸਿਰਫ਼ ਪੰਜਾਬ ਨੂੰ ਬਦਨਾਮ ਕਰਨ ਅਤੇ 2027 ਦੀਆਂ ਚੋਣਾਂ ਦੇ ਮੱਦੇਨਜ਼ਰ ਰਾਜਨੀਤੀ ਕਰਨ ਲਈ ਇਹ ਮੁਹਿੰਮ ਚਲਾ ਰਹੀ ਹੈ। ਦੂਜੇ ਪਾਸੇ ਪੰਜਾਬ ਕਾਂਗਰਸ ਨੇ ਵੀ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਸਰਕਾਰ 'ਤੇ ਖ਼ਾਸ ਤੌਰ 'ਤੇ ਪੰਜਾਬ ਦੀਆਂ ਸਰਹੱਦਾਂ ਰਾਹੀਂ ਭਾਰਤ ਵਿੱਚ ਵੱਡੀ ਮਾਤਰਾ ਵਿੱਚ ਨਸ਼ਿਆਂ ਦੀ ਤਸਕਰੀ ਨੂੰ ਲੈ ਕੇ ਸਵਾਲ ਖੜੇ ਕੀਤੇ। ਪੰਜਾਬ ਵਿੱਚ ਨਸ਼ਿਆਂ ਖ਼ ?ਲਾਫ਼ ਭਾਜਪਾ ਵੱਲੋਂ ਕੱਢੀ ਜਾ ਰਹੀ 'ਯਾਤਰਾ' 'ਤੇ ਪ੍ਰਤੀਕਰਮ ਦਿੰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਨੇ ਕਿਹਾ ਕਿ ਇਹ ਸੱਚ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨਸ਼ਿਆਂ ਨੂੰ ਰੋਕਣ ਵਿੱਚ ਨਾ ਸਿਰਫ਼ ਅਸਫਲ ਰਹੀ ਹੈ, ਸਗੋਂ ਨਸ਼ਿਆਂ ਦੀ ਸਮੱਸਿਆ ਨੂੰ ਹੋਰ ਵਧਾ ਦਿੱਤਾ ਹੈ। ਪਰ ਉਨ੍ਹਾਂ ਅੱਗੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੀ ਇਸ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ। ਉਨ੍ਹਾਂ ਇਸ਼ਾਰਾ ਕੀਤਾ ਕਿ ਲਗਭਗ ਸਾਰਾ ਨਸ਼ਾ ਵਿਦੇਸ਼ਾਂ ਤੋਂ ਪਾਕਿਸਤਾਨ ਦੇ ਰਸਤੇ ਪੰਜਾਬ ਵਿੱਚ ਤਸਕਰੀ ਕਰ ਕੇ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਸਵਾਲ ਕੀਤਾ ਕਿ ਬੀ.ਐੱਸ.ਐੱਫ. ਸੂਬੇ ਵਿੱਚ ਨਸ਼ਿਆਂ ਦੇ ਇਸ ਦਾਖ਼ਲੇ ਨੂੰ ਰੋਕਣ ਅਤੇ ਕੰਟਰੋਲ ਕਰਨ ਵਿੱਚ ਅਸਫਲ ਕਿਉਂ ਰਹੀ ਹੈ ? ਉਨ੍ਹਾਂ ਕਿਹਾ ਕਿ ਭਾਜਪਾ ਨੂੰ ਪੰਜਾਬ ਦੇ ਲੋਕਾਂ ਨੂੰ ਜਵਾਬ ਅਤੇ ਸਪਸ਼ਟੀਕਰਨ ਦੇਣਾ ਚਾਹੀਦਾ ਹੈ।

**ਜਾਣਕਾਰਾਂ ਦੀ ਰਾਇ 'ਚ ਭਾਜਪਾ ਦੀ ਯਾਤਰਾ ਦਾ ਕੀ ਹੈ ਮਕਸਦ**

ਰਾਜਨੀਤਿਕ ਮਾਮਲਿਆਂ ਦੇ ਮਾਹਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਕੁਲਦੀਪ ਸਿੰਘ ਮੁਤਾਬਕ ਪੰਜਾਬ ਵਿੱਚ ਇਸ ਸਮੇਂ ਨਸ਼ਾ ਅਤੇ ਅਪਰਾਧ ਵੱਡੇ ਮੁੱਦੇ ਹਨ ਅਤੇ ਭਾਜਪਾ ਇਸ ਯਾਤਰਾ ਰਾਹੀਂ ਕਈ ਪੱਖਾਂ ਨੂੰ ਉਭਾਰਨਾ ਚਾਹੁੰਦੀ ਹੈ, ਜਿਸ ਵਿੱਚ ਰਾਜਨੀਤਿਕ ਅਤੇ ਭਾਵਨਾਤਮਕ ਪਹਿਲੂ ਸ਼ਾਮਲ ਹਨ। ਸਾਬਕਾ ਪ੍ਰੋਫ਼ੈਸਰ ਕੁਲਦੀਪ ਸਿੰਘ ਨੇ ਆਖਿਆ ÷ਮੌਜੂਦਾ ਸਰਕਾਰ ਯਤਨਾਂ ਦੇ ਬਾਵਜੂਦ ਨਸ਼ੇ ਉੱਤੇ ਕਾਬੂ ਪਾਉਣ ਵਿੱਚ ਅਸਫਲ ਰਹੀ ਹੈ। ਉਨ੍ਹਾਂ ਦੱਸਿਆ ਭਾਵੇਂ ਆਮ ਆਦਮੀ ਪਾਰਟੀ ਦੀ ਸਰਕਾਰ ਦਲੀਲ ਦੇ ਰਹੀ ਹੈ ਕਿ ਭਾਜਪਾ ਦੇ ਰਾਜ ਵਾਲੇ ਸੂਬਿਆਂ ਤੋਂ ਪੰਜਾਬ ਵਿੱਚ ਨਸ਼ਾ ਆਉਂਦਾ ਹੈ, ਪਰ ਨਸ਼ੇ ਉੱਤੇ ਭਗਵੰਤ ਮਾਨ ਸਰਕਾਰ ਕਾਬੂ ਪਾਉਣ ਵਿੱਚ ਅਸਫਲ ਕਿਉਂ ਹੋਈ, ਇਸ ਬਾਰੇ ਗੱਲ ਹੀ ਨਹੀਂ ਕੀਤੀ ਜਾ ਰਹੀ। ਇਸ ਤੋਂ ਇਲਾਵਾ ਭਾਜਪਾ ਇਸ ਯਾਤਰਾ ਰਾਹੀਂ ਆਪਣਾ ਸੰਗਠਨ ਵੀ ਮਜ਼ਬੂਤ ਕਰਨਾ ਚਾਹੁੰਦੀ ਹੈ, ਕਿਉਂਕਿ ਪੰਜਾਬ ਦੀਆਂ 117 ਸੀਟਾਂ 'ਤੇ ਉਹ ਇਕੱਲੇ ਚੋਣ ਲੜਨ ਦੀ ਤਿਆਰੀ ਕਰ ਰਹੀ ਹੈ। ਪ੍ਰੋਫ਼ੈਸਰ ਕੁਲਦੀਪ ਸਿੰਘ ਆਖਦੇ ਹਨ ਕਿ ÷ਇਹ ਯਾਤਰਾ ਸਾਰੇ ਵਿਧਾਨ ਸਭਾ ਹਲਕਿਆਂ ਵਿੱਚੋਂ ਦੀ ਲੰਘੇਗੀ, ਜਿਸ ਨਾਲ ਪਾਰਟੀ ਨੂੰ ਪਿੰਡ-ਪਿੰਡ ਤੱਕ ਆਪਣੇ ਵਰਕਰਾਂ ਨੂੰ ਸਰਗਰਮ ਕਰਨ ਦਾ ਮੌਕਾ ਮਿਲੇਗਾ। ਉਨ੍ਹਾਂ ਮੁਤਾਬਕ ਨਸ਼ੇ ਕਾਰਨ ਮੌਤਾਂ ਵੀ ਹੋਈਆਂ ਹਨ ਇਸ ਕਰਕੇ ਇਹ ਭਾਵਨਾਤਮਕ ਮੁੱਦਾ ਵੀ ਹੈ ਅਤੇ ਭਾਜਪਾ ਯਾਤਰਾ ਦੌਰਾਨ ਨਸ਼ੇ ਤੋਂ ਪੀੜਤ ਪਰਿਵਾਰਾਂ ਨੂੰ ਮੁੱਖ ਰੱਖ ਕੇ ਆਮ ਲੋਕਾਂ ਨਾਲ ਭਾਵਨਾਤਮਕ ਤੌਰ 'ਤੇ ਜੁੜਨ ਦੀ ਕੋਸ਼ਿਸ਼ ਵੀ ਕਰ ਰਹੀ ਹੈ। ਪੰਜਾਬ ਯੂਨੀਵਰਸਿਟੀ ਦੇ ਰਾਜਨੀਤਿਕ ਵਿਭਾਗ ਦੇ ਸਾਬਕਾ ਪ੍ਰੋਫ਼ੈਸਰ ਖ਼ਾਲਿਦ ਮੁਹੰਮਦ ਮੁਤਾਬਕ ਬੇਸ਼ੱਕ ਭਾਜਪਾ ਨੇ ਨਸ਼ੇ ਦਾ ਮੁੱਦਾ ਉਭਾਰ ਕੇ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਆਗਾਜ਼ ਪਠਾਨਕੋਟ ਤੋਂ ਕਰ ਦਿੱਤਾ ਹੈ,ਪਰ ਉਸ ਨੂੰ ਇਸ ਮੁੱਦੇ ਉੱਤੇ ਕਈ ਸਵਾਲਾਂ ਦਾ ਸਾਹਮਣਾ ਵੀ ਕਰਨਾ ਪਵੇਗਾ।

ਉਨ੍ਹਾਂ ਮੁਤਾਬਕ ਪੰਜਾਬ ਵਿੱਚ ਨਸ਼ੇ ਦਾ ਸਭ ਤੋਂ ਜ਼ਿਆਦਾ ਉਭਾਰ 2007-2017 ਵਿੱਚ ਹੋਇਆ ਸੀ ਅਤੇ ਉਸ ਵਕਤ ਸੂਬੇ ਵਿੱਚ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਸੀ, ਇਸ ਮੁੱਦੇ ਉੱਤੇ ਭਾਜਪਾ ਕੁਝ ਵੀ ਨਹੀਂ ਬੋਲਦੀ। ਉਨ੍ਹਾਂ ਦੱਸਿਆ ਪੰਜਾਬ ਵਿੱਚ ਦੋ ਤਰਾਂ ਦਾ ਨਸ਼ਾ ਹੈ ਇੱਕ ਸਿੰਥੈਟਿਕ ਨਸ਼ਾ ਅਤੇ ਦੂਜਾ ਸਰਹੱਦ ਪਾਰ ਤੋਂ ਆਉਣ ਵਾਲੀ ਕਿਸਮ (ਹੈਰੋਇਨ, ਚਰਸ ਆਦਿ)। ਪਰ ਸਰਹੱਦ ਪਾਰ ਤੋਂ ਆਉਂਦੇ ਨਸ਼ਿਆਂ (ਡਰੋਨ ਆਦਿ) ਨੂੰ ਰੋਕਣਾ ਕੇਂਦਰ ਸਰਕਾਰ (ਬੈਐਸਐਫ) ਦੀ ਵੀ ਜ਼ਿੰਮੇਵਾਰੀ ਹੈ, ਅਤੇ ਇਹੀ ਸਵਾਲ ਵਿਰੋਧੀ ਪਾਰਟੀਆਂ (ਆਪ, ਕਾਂਗਰਸ) ਚੁੱਕ ਰਹੀਆਂ ਹਨ। ਕੁਝ ਰਾਜਨੀਤਿਕ ਜਾਣਕਾਰ ਇਹ ਵੀ ਮੰਨਦੇ ਹਨ ਕਿ ਭਾਜਪਾ ਦਾ ਵੋਟ ਬੈਂਕ ਪਹਿਲਾਂ ਜ਼ਿਆਦਾਤਰ ਸ਼ਹਿਰਾਂ ਤੱਕ ਸੀਮਤ ਸੀ ਅਤੇ ਯਾਤਰਾ ਨਾਲ ਪਾਰਟੀ ਨੂੰ ਪੰਜਾਬ ਦੇ ਪਿੰਡਾਂ ਵਿੱਚ ਆਪਣਾ ਆਧਾਰ ਬਣਾਉਣ ਚਾਹੁੰਦੀ ਹੈ।

# ਕੈਨੇਡਾ ਸਰਕਾਰ ਦੀਆਂ ਅਵਾਸ ਨੀਤੀਆਂ ਦੇਸ਼ ਨੂੰ ਤਬਾਹ ਕਰ ਦੇਣਗੀਆਂ: ਟਰੰਪ

ਕੈਲਗਰੀ – ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਕੈਨੇਡਾ ਹਰੇਕ ਸਾਲ ਲੱਖਾਂ ਲੋਕਾਂ ਨੂੰ ਦੇਸ਼ ਵਿੱਚ ਬੁਲਾ ਕੇ ਖੁਦ ਆਪਣੇ ਪੈਰੀਂ ਕੁਹਾੜਾ ਮਾਰਦੇ ਹੋਏ, ਆਪਣੀ ਤਬਾਹੀ ਵੱਲ ਵਧ ਰਿਹਾ ਹੈ। ਆਪਣੇ ਸੋਸ਼ਲ ਮੀਡੀਆ ਖਾਤੇ ਤੇ ਪਾਈ ਪੋਸਟ 'ਚ ਬਿਆਨ ਜਾਰੀ ਕਰਦਿਆਂ ਕਿਹਾ ਕਿ ਕੈਨੇਡਾ ਬਿਨਾਂ ਡੂੰਘੀ ਜਾਂਚ ਕੀਤੇ ਅਜਿਹੇ ਲੋਕਾਂ ਨੂੰ ਦੇਸ਼ ਵਿੱਚ ਵੜਨ ਦੇ ਰਿਹਾ ਹੈ, ਜੋ ਆਪਣੇ ਨਾਲ ਵੱਡੀਆਂ ਸਮੱਸਿਆਵਾਂ ਲੈ ਕੇ ਆ ਰਹੇ ਹਨ। ਰਾਸ਼ਟਰਪਤੀ ਨੇ ਦੁੱਖ ਪ੍ਰਗਟਾਉਂਦੇ ਹੋਏ ਕਿਹਾ ਕਿ ਉਸ ਦੇ ਗਵਾਂਢੀ ਦੇਸ਼ ਲਈ ਇਹੀ ਸਮੱਸਿਆਵਾਂ ਭਵਿੱਖ 'ਚ ਵੱਡੀਆਂ ਹੋਣ ਤੇ ਸੰਭਾਲੀਆਂ ਨਹੀਂ ਜਾਣਗੀਆਂ। ਟਰੰਪ ਨੇ ਦਾਅਵਾ ਕੀਤਾ ਕਿ ਕੈਨੇਡਾ ਵਿੱਚ ਬੇਰੁਜ਼ਗਾਰੀ ਵਧ ਰਹੀ ਹੈ। ਦੂਜੇ ਪਾਸੇ ਟਰੰਪ ਦੀਆਂ ਟਿੱਪਣੀਆਂ ਦਾ ਜਵਾਬ ਦਿੰਦਿਆਂ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਅਨੰਦ ਨੇ ਕਿਹਾ ਕਿ ਵਿਦੇਸ਼ੀਆਂ ਨੇ ਪਿਛਲੇ ਸਾਲਾਂ ਵਿੱਚ ਕੈਨੇਡਾ ਦੀ ਆਰਥਿਕਤਾ 'ਚ ਵੱਡਾ ਯੋਗਦਾਨ ਪਾਇਆ, ਪਰ ਇਸਦੇ ਬਾਵਜੂਦ ਉਨ੍ਹਾਂ ਦੀ ਸਰਕਾਰ ਨੇ 2024 ਤੋਂ ਅਵਾਸ ਨੀਤੀਆਂ ਨੂੰ ਸਖ਼ਤ ਕਰਕੇ ਵਿਦੇਸ਼ੀਆਂ ਦੀ ਆਮਦ ਕਾਫੀ ਘਟਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਵਾਸ ਪੱਧਰਾਂ ਨੂੰ ਸਥਿਰ ਬਣਾ ਰਹੀ ਹੈ ਤੇ ਅਗਲੇ ਸਾਲ ਦੇ ਅੰਤ ਤੱਕ ਆਰਜੀ ਨਿਵਾਸੀਆਂ ਦੀ ਗਿਣਤੀ ਨੂੰ ਕੁੱਲ ਅਬਾਦੀ ਦੇ 5 ਫੀਸਦ ਤੱਕ ਹੇਠਾਂ ਲਿਆਉਣ ਲਈ ਸਖਤ ਕਦਮ ਚੁੱਕੇ ਜਾ ਰਹੇ ਹਨ। ਵਿਦੇਸ਼ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਸਤੀ ਰਿਹਾਇਸ਼ ਅਤੇ ਸਿਹਤ ਸੰਭਾਲ ਸੇਵਾਵਾਂ ਬਾਰੇ ਚਿੰਤਤ ਹੈ, ਜਿਸ ਲਈ ਕਈ ਸਖਤ ਨਿਯਮ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸਾਲ ਤੋਂ 2028 ਤੱਕ ਵਿਦੇਸ਼ੀ ਆਮਦ ਕੋਟਾ ਪ੍ਰਤੀ ਸਾਲ 3 ਲੱਖ 80 ਹਜ਼ਾਰ ਤੈਅ ਕੀਤਾ ਗਿਆ ਹੈ, ਜਿਸ ਵਿੱਚ ਪਹਿਲ ਦੇਸ਼ ਵਿੱਚ ਮੌਜੂਦ ਹੁਨਰਮੰਦ ਤੇ ਤਜ਼ਰਬੇਕਾਰ ਲੋਕਾਂ ਨੂੰ ਦਿੱਤੀ ਜਾ ਰਹੀ ਹੈ ਤੇ ਇਸ ਕੋਟੇ ਨੂੰ ਹਰ ਹਾਲਤ 'ਚ ਸਥਿਰ ਰੱਖਿਆ ਜਾਏਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਲੰਮੇ ਸਮੇਂ ਦੇ ਫੈਸਲੇ ਲੈਣ ਦੀ ਥਾਂ ਸਿਰਫ ਤਿੰਨ ਤਿੰਨ ਸਾਲਾਂ ਦੀਆਂ ਯੋਜਨਾਵਾਂ ਉਲੀਕ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਨੇਪਰੇ ਚਾੜਨਾ ਸੁਖਾਲਾ ਰਹੇ। ਵਿਦੇਸ਼ ਮੰਤਰੀ ਨੇ ਕੁਝ ਤੱਥ ਪੇਸ਼ ਕਰਦਿਆਂ ਟਰੰਪ ਦੇ ਕੈਨੇਡਾ ਵਿੱਚ ਬੇਰੁਜਗਾਰੀ ਦਾ ਵਾਧੇ ਵਾਲੇ ਦਾਅਵੇ ਨੂੰ ਵੀ ਮੁਢੋਂ ਖਾਰਜ ਕੀਤਾ।





# ਅਮਰੀਕੀ ਟੈਰਿਫ਼ਾਂ ਤੋਂ ਪ੍ਰਭਾਵਿਤ ਬੀ.ਸੀ. ਦੇ ਕਾਰੋਬਾਰਾਂ ਲਈ 90 ਮਿਲੀਅਨ ਡਾਲਰ ਦਾ ਸਹਾਇਤਾ

## ਨਵੇਂ ਬਾਜ਼ਾਰਾਂ ਤੱਕ ਪਹੁੰਚ, ਨਿਰਮਾਣ ਵਧਾਉਣ ਅਤੇ ਨੌਕਰੀਆਂ ਬਚਾਉਣ ਲਈ ਸੂਬਾ ਸਰਕਾਰ ਵੱਲੋਂ ਵੱਡਾ

ਵੈਨਕੂਵਰ — ਅਮਰੀਕੀ ਟੈਰਿਫ਼ਾਂ ਕਾਰਨ ਪ੍ਰਭਾਵਿਤ ਬ੍ਰਿਟਿਸ਼ ਕੋਲੰਬੀਆ ਦੇ ਕਾਰੋਬਾਰਾਂ ਅਤੇ ਭਾਈਚਾਰਿਆਂ ਨੂੰ ਸਹਾਰਾ ਦੇਣ ਲਈ ਸੂਬਾ ਸਰਕਾਰ ਨੇ ਕੁੱਲ £90 ਮਿਲੀਅਨ ਦੇ ਨਵੇਂ ਆਰਥਿਕ ਸਹਾਇਤਾ ਪੈਕੇਜ ਦਾ ਐਲਾਨ ਕੀਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਸਹਾਇਤਾ ਰਾਹੀਂ ਸਥਾਨਕ ਕਾਰੋਬਾਰਾਂ ਨੂੰ ਉਤਪਾਦਕਤਾ ਵਧਾਉਣ, ਨਵੇਂ ਬਾਜ਼ਾਰਾਂ ਵਿੱਚ ਦਾਖ਼ਲਾ ਲੈਣ, ਸਥਾਨਕ ਸਪਲਾਈ ਚੇਨਾਂ ਨੂੰ ਮਜ਼ਬੂਤ ਕਰਨ ਅਤੇ ਬੀ.ਸੀ. ਵਿੱਚ ਨੌਕਰੀਆਂ ਕਾਇਮ ਰੱਖਣ ਤੇ ਪੈਦਾ ਕਰਨ ਵਿੱਚ ਮਦਦ ਮਿਲੇਗੀ। ਇਸ ਪੈਕੇਜ ਤਹਿਤ ਬੀ.ਸੀ. ਸਰਕਾਰ ਆਪਣੇ ਕਈ ਮੌਜੂਦਾ ਪ੍ਰੋਗਰਾਮਾਂ ਨੂੰ ਹੋਰ ਮਜ਼ਬੂਤ ਕਰ ਰਹੀ ਹੈ। ਇਨ੍ਹਾਂ ਵਿੱਚ BC Manufacturing Jobs Fund, Rural Economic Diversification and Infrastructure Program ਅਤੇ Integrated Marketplace Program ਸ਼ਾਮਲ ਹਨ। ਇਸ ਦੇ ਨਾਲ ਹੀ BuyBC ਪਹਿਲਕਦਮੀ ਦਾ ਵੀ ਵਿਸਥਾਰ ਕੀਤਾ ਜਾਵੇਗਾ। ਸਰਕਾਰ ਮੁਤਾਬਕ ਅਮਰੀਕੀ ਟੈਰਿਫ਼ਾਂ ਤੋਂ ਸਭ ਤੋਂ ਵੱਧ ਪ੍ਰਭਾਵਿਤ ਜੰਗਲਾਤ ਖੇਤਰ ਨਾਲ ਸਬੰਧਤ ਕਾਰੋਬਾਰਾਂ ਅਤੇ ਭਾਈਚਾਰਿਆਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹਾਇਤਾ ਅਰਜ਼ੀਆਂ ਦੀ ਸਮੀਖਿਆ ਨੂੰ ਤਰਜੀਹ ਦਿੱਤੀ ਜਾਵੇਗੀ ਅਤੇ ਆਰਥਿਕ ਸਹਾਇਤਾ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾਵੇਗਾ।

**ਮੈਨਿਊਫੈਕਚਰਿੰਗ ਖੇਤਰ ਲਈ 30 ਮਿਲੀਅਨ ਡਾਲਰ**

ਨਵੇਂ BC Manufacturing Jobs Fund ਲਈ ਵਾਧੂ 30 ਮਿਲੀਅਨ ਡਾਲਰ ਮੁਹੱਈਆ ਕਰਵਾਏ ਜਾਣਗੇ। ਇਹ ਰਕਮ ਕਾਰੋਬਾਰਾਂ ਨੂੰ ਨਵੇਂ ਉਪਕਰਨਾਂ, ਤਕਨਾਲੋਜੀ ਅਤੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਨ ਵਿੱਚ ਮਦਦ ਕਰੇਗੀ। ਇਸ ਦਾ ਉਦੇਸ਼ ਕਾਰੋਬਾਰਾਂ ਦੀ ਉਤਪਾਦਕਤਾ ਵਧਾਉਣਾ, ਨਵੇਂ ਉਤਪਾਦ ਵਿਕਸਿਤ ਕਰਨਾ, ਸਥਾਨਕ ਸਪਲਾਈ ਚੇਨਾਂ ਨੂੰ ਮਜ਼ਬੂਤ ਕਰਨਾ ਅਤੇ ਨਵੇਂ ਬਾਜ਼ਾਰਾਂ ਤੱਕ ਪਹੁੰਚ ਬਣਾਉਣਾ ਹੈ। ਸਰਕਾਰ ਅਨੁਸਾਰ ਇਸ ਨਾਲ ਕੰਪਨੀਆਂ ਨੂੰ ਮੌਜੂਦਾ ਨੌਕਰੀਆਂ ਸੁਰੱਖਿਅਤ ਕਰਨ ਅਤੇ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਵੀ ਮਦਦ ਮਿਲ ਸਕਦੀ ਹੈ।

**ਤਕਨਾਲੋਜੀ ਕੰਪਨੀਆਂ ਲਈ ਵੀ 30 ਮਿਲੀਅਨ ਡਾਲਰ**

Integrated Marketplace Initiative ਲਈ ਵੀ ਵਾਧੂ 30 ਮਿਲੀਅਨ ਦਿੱਤੇ ਜਾਣਗੇ। ਇਸ ਫੰਡ ਰਾਹੀਂ ਬੀ.ਸੀ. ਦੀਆਂ ਤਕਨਾਲੋਜੀ ਕੰਪਨੀਆਂ ਨੂੰ ਆਪਣੀਆਂ ਨਵੀਆਂ ਖੋਜਾਂ ਅਤੇ ਤਕਨਾਲੋਜੀਆਂ ਦਾ ਵਪਾਰੀਕਰਨ ਕਰਨ, ਪਹਿਲੀ ਵਿਕਰੀ ਹਾਸਲ ਕਰਨ ਅਤੇ ਨਵੇਂ ਉਤਪਾਦ ਬਾਜ਼ਾਰ ਵਿੱਚ ਲਿਆਉਣ ਵਿੱਚ ਸਹਾਇਤਾ ਮਿਲੇਗੀ।

Rural Economic Diversification and Infrastructure Program ਵਿੱਚ ਹੋਰ £15 ਮਿਲੀਅਨ ਜੋੜੇ ਜਾਣਗੇ। ਇਹ ਰਕਮ ਖੇਤਰੀ ਆਰਥਿਕ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ, ਨਿਵੇਸ਼ ਆਕਰਸ਼ਿਤ ਕਰਨ ਅਤੇ ਪੇਂਡੂ ਖੇਤਰਾਂ ਵਿੱਚ ਨੌਕਰੀਆਂ ਪੈਦਾ ਕਰਨ ਲਈ ਵਰਤੀ ਜਾਵੇਗੀ। ਇਸ ਦੇ ਨਾਲ ਹੀ BuyBC ਪ੍ਰੋਗਰਾਮ ਲਈ ਵੀ £15 ਮਿਲੀਅਨ ਦਿੱਤੇ ਜਾਣਗੇ। ਇਸ ਪਹਿਲਕਦਮੀ ਨੂੰ ਖੇਤੀਬਾੜੀ ਤੋਂ ਅੱਗੇ ਹੋਰ ਖੇਤਰਾਂ ਤੱਕ ਵਧਾਇਆ ਜਾਵੇਗਾ। ਸਰਕਾਰ ਦਾ ਟੀਚਾ ਬੀ.ਸੀ. ਵਿੱਚ ਬਣੇ ਹੋਰ ਉਤਪਾਦਾਂ ਨੂੰ ਸੂਬੇ ਅਤੇ ਕੈਨੇਡਾ ਦੇ ਬਾਹਰਲੇ ਬਾਜ਼ਾਰਾਂ ਤੱਕ ਪਹੁੰਚਾਉਣਾ ਹੈ। ਇਸ ਲਈ ਅੰਤਰਰਾਸ਼ਟਰੀ ਪੱਧਰ ’ਤੇ ਇਸ਼ਤਿਹਾਰਬਾਜ਼ੀ ਅਤੇ ਪ੍ਰਚਾਰ ਮੁਹਿੰਮਾਂ ਵੀ ਵਧਾਈਆਂ ਜਾਣਗੀਆਂ।

ਖੇਤੀਬਾੜੀ ਅਤੇ ਆਹਾਰ ਮੰਤਰੀ ਲੇਨਾ ਪੌਪਮ ਨੇ ਕਿਹਾ ਕਿ BuyBC ਰਾਹੀਂ ਸਥਾਨਕ ਉਤਪਾਦਾਂ ਦੀ ਚੋਣ ਨੂੰ ਉਤਸ਼ਾਹਿਤ ਕਰਨ ਨਾਲ ਕਿਸਾਨਾਂ, ਪ੍ਰੋਸੈਸਰਾਂ ਅਤੇ ਸਥਾਨਕ ਭਾਈਚਾਰਿਆਂ ਨੂੰ ਸਹਿਯੋਗ ਮਿਲਦਾ ਹੈ। ਉਨ੍ਹਾਂ ਮੁਤਾਬਕ ਹੁਣ BuyBC ਦਾ ਦਾਇਰਾ ਵਧਾ ਕੇ ਬੀ.ਸੀ. ਵਿੱਚ ਬਣੇ ਹੋਰ ਉਤਪਾਦਾਂ ਨੂੰ ਵੀ ਇਸ ਬ੍ਰਾਂਡ ਨਾਲ ਜੋੜਿਆ ਜਾਵੇਗਾ।

**ਜੰਗਲਾਤ ਖੇਤਰ ਦੀਆਂ ਅਰਜ਼ੀਆਂ ਨੂੰ ਮਿਲੇਗੀ ਤਰਜੀਹ**

ਅਮਰੀਕੀ ਟੈਰਿਫ਼ਾਂ ਦੇ ਪ੍ਰਭਾਵ ਨੂੰ ਦੇਖਦਿਆਂ ਬੀ.ਸੀ. ਸਰਕਾਰ ਨੇ ਜੰਗਲਾਤ ਖੇਤਰ ਲਈ ਵਿਸ਼ੇਸ਼ ਤਰਜੀਹ ਦਾ ਐਲਾਨ ਕੀਤਾ ਹੈ। ਜੰਗਲਾਤ ਨਾਲ ਸਬੰਧਤ ਕਾਰੋਬਾਰਾਂ ਅਤੇ ਉਨ੍ਹਾਂ ’ਤੇ ਨਿਰਭਰ ਭਾਈਚਾਰਿਆਂ ਦੀਆਂ ਆਰਥਿਕ ਸਹਾਇਤਾ ਅਰਜ਼ੀਆਂ ਦੀ ਤੇਜ਼ੀ ਨਾਲ ਸਮੀਖਿਆ ਕੀਤੀ ਜਾਵੇਗੀ।

ਜੰਗਲਾਤ ਮੰਤਰੀ ਰਵੀ ਪਰਮਾਰ ਨੇ ਕਿਹਾ ਕਿ ਸੂਬੇ ਦਾ ਧਿਆਨ ਜੰਗਲਾਤ ਖੇਤਰ ਦੇ ਕਾਮਿਆਂ ਅਤੇ ਕਾਰੋਬਾਰਾਂ ’ਤੇ ਪੈ ਰਹੇ ਟੈਰਿਫ਼ਾਂ ਦੇ ਪ੍ਰਭਾਵ ਨੂੰ ਘਟਾਉਣ ’ਤੇ ਹੈ। ਉਨ੍ਹਾਂ ਕਿਹਾ ਕਿ ਸਰਕਾਰ ਬੀ.ਸੀ. ਵਿੱਚ ਨਿਰਮਾਣ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਵਿਕਰੀ ਵਧਾਉਣ ’ਤੇ ਧਿਆਨ ਦੇ ਰਹੀ ਹੈ।

**ਕਾਰੋਬਾਰਾਂ ਲਈ ਮੁਫ਼ਤ ਸਲਾਹਕਾਰੀ ਸੇਵਾਵਾਂ**

ਸੂਬਾ ਸਰਕਾਰ ਨੇ ਕਿਹਾ ਹੈ ਕਿ ਟੈਰਿਫ਼ਾਂ ਤੋਂ ਪ੍ਰਭਾਵਿਤ ਕਾਰੋਬਾਰਾਂ ਨੂੰ ਉਚਿਤ ਸਹਾਇਤਾ ਪ੍ਰੋਗਰਾਮ ਲੱਭਣ ਵਿੱਚ ਮਦਦ ਦੇਣ ਲਈ ਮੁਫ਼ਤ ਵਿਅਕਤੀਗਤ ਕਾਰੋਬਾਰੀ ਸਲਾਹਕਾਰੀ ਸੇਵਾਵਾਂ ਵੀ ਜਾਰੀ ਰਹਿਣਗੀਆਂ।

ਇਸ ਰਾਹੀਂ ਕਾਰੋਬਾਰਾਂ ਨੂੰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਉਪਲਬਧ ਸਰਕਾਰੀ ਸਹਾਇਤਾ ਅਤੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਹਾਸਲ ਕਰਨ ਵਿੱਚ ਮਦਦ ਮਿਲੇਗੀ।

### ਫੈਡਰਲ ਸਰਕਾਰ ਦੀਆਂ ਯੋਜਨਾਵਾਂ ਨਾਲ ਮਿਲ ਕੇ ਹੋਵੇਗਾ ਕੰਮ

ਸੂਬਾ ਸਰਕਾਰ ਮੁਤਾਬਕ ਇਹ ਨਵਾਂ ਪੈਕੇਜ ਕੈਨੇਡਾ ਸਰਕਾਰ ਵੱਲੋਂ ਪਹਿਲਾਂ ਹੀ ਉਪਲਬਧ ਕਰਵਾਈ ਜਾ ਰਹੀ ਸਹਾਇਤਾ ਦੇ ਨਾਲ ਮਿਲ ਕੇ ਕੰਮ ਕਰੇਗਾ। ਇਸ ਵਿੱਚ PacifiCan ਵਰਗੀਆਂ ਖੇਤਰੀ ਵਿਕਾਸ ਏਜੰਸੀਆਂ ਰਾਹੀਂ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਲਈ ਸਹਾਇਤਾ, Canada Strong Diversification Fund ਰਾਹੀਂ ਕਾਰੋਬਾਰਾਂ ਨੂੰ ਨਵੇਂ ਖੇਤਰਾਂ ਵਿੱਚ ਵਿਸਥਾਰ ਅਤੇ ਉਤਪਾਦਕਤਾ ਵਧਾਉਣ ਲਈ ਸਹਾਇਤਾ ਅਤੇ Business Development Bank of Canada (BDC) ਰਾਹੀਂ ਟੈਰਿਫ਼ ਪ੍ਰਭਾਵਿਤ ਕਾਰੋਬਾਰਾਂ ਦੀਆਂ ਨਕਦੀ ਲੋੜਾਂ ਪੂਰੀਆਂ ਕਰਨ ਲਈ ਸਹਾਇਤਾ ਸ਼ਾਮਲ ਹੈ। ਇਸ ਤੋਂ ਇਲਾਵਾ ਕਾਮਿਆਂ ਅਤੇ ਰੁਜ਼ਗਾਰਦਾਤਾਵਾਂ ਲਈ ਵਧੇਰੇ Employment Insurance (EI) ਅਤੇ ਮੁੜ-ਸਿਖਲਾਈ ਨਾਲ ਸਬੰਧਤ ਉਪਾਅ ਵੀ ਮੌਜੂਦ ਹਨ। ਰੁਜ਼ਗਾਰ ਅਤੇ ਆਰਥਿਕ ਵਿਕਾਸ ਲਈ ਕਾਰਜਕਾਰੀ ਮੰਤਰੀ ਏਡਰੀਅਨ ਡਿਕਸ ਨੇ ਕਿਹਾ ਕਿ ਬੀ.ਸੀ. ਵਿੱਚ ਕਈ ਨਵੀਨਤਾਕਾਰੀ ਕਾਰੋਬਾਰ ਮੌਜੂਦ ਹਨ ਅਤੇ ਮੌਜੂਦਾ ਵਪਾਰਕ ਹਾਲਾਤਾਂ ਵਿੱਚ ਉਨ੍ਹਾਂ ਨੂੰ ਸਹਾਇਤਾ ਦੀ ਲੋੜ ਹੈ। ਉਨ੍ਹਾਂ ਮੁਤਾਬਕ ਸੂਬਾਈ ਪ੍ਰੋਗਰਾਮਾਂ ਨੂੰ ਫੈਡਰਲ ਸਰਕਾਰ ਦੀ ਸਹਾਇਤਾ ਨਾਲ ਜੋੜ ਕੇ ਬੀ.ਸੀ. ਦੇ ਕਾਰੋਬਾਰਾਂ ਲਈ ਨਵੇਂ ਮੌਕੇ ਪੈਦਾ ਕਰਨ ਅਤੇ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੂਬਾ ਸਰਕਾਰ ਦਾ ਕਹਿਣਾ ਹੈ ਕਿ £90 ਮਿਲੀਅਨ ਦਾ ਇਹ ਪੈਕੇਜ ਖ਼ਾਸ ਤੌਰ ’ਤੇ ਉਨ੍ਹਾਂ ਕਾਰੋਬਾਰਾਂ ਅਤੇ ਭਾਈਚਾਰਿਆਂ ਨੂੰ ਸਹਾਰਾ ਦੇਣ ਲਈ ਹੈ ਜੋ ਲੰਮੇ ਸਮੇਂ ਤੋਂ ਅਮਰੀਕਾ ਨੂੰ ਆਪਣੇ ਮੁੱਖ ਨਿਰਯਾਤ ਬਾਜ਼ਾਰ ਵਜੋਂ ਵਰਤਦੇ

# ਓਟਵਾ ਵਿੱਚ ‘ਟਰੰਪ ਐਵੇਨਿਊ’ ਦਾ ਨਾਮ ਬਦਲਣ ਦੀ ਮੰਗ ਤੇਜ਼

ਕੈਲਗਰੀ – ਅਮਰੀਕਾ ਤੇ ਕੈਨੇਡਾ ਦੇ ਸਬੰਧਾਂ ਵਿੱਚ ਟੈਰਿਫ ਮਾਮਲਿਆਂ ਬਾਰੇ ਵਧੀ ਖਟਾਸ ਦਾ ਅਸਰ ਸਥਾਨਕ ਪੱਧਰ ਤੇ ਵੀ ਪੈਂਦਾ ਦਿਖਾਈ ਦੇਣ ਲੱਗਾ ਹੈ। ਇਸ ਦੀ ਇੱਕ ਉਦਾਹਰਣ ਓਟਵਾ ਸਿਟੀ ਕੌਂਸਲ ਵਲੋਂ ਉਥੋਂ ਦੀਆਂ ਕੁਝ ਸੜਕਾਂ ਦੇ ਨਾਮ ਬਦਲੇ ਜਾਣ ਤੋਂ ਸਬੰਧੀ ਸਾਹਮਣੇ ਆਈ ਹੈ, ਜਿੰਨਾਂ ਵਿੱਚ ਟਰੰਪ ਐਵੇਨਿਊ ਵੀ ਸ਼ਾਮਲ ਹੈ। ਮੈਡੀਸਨ ਐਵੇਨਿਊ, ਮੈਨਹਟਨ ਕਰੈਸੈਂਟ, ਬਲੂਮਿੰਗਡੇਲ ਸਟਰੀਟ ਅਤੇ ਸਟੈਟਨ ਸਟਰੀਟ ਦੇ ਨਾਲ ਹੀ ਮਾਮ ਬਦਲੀ ਵਾਸਤੇ ਟਰੰਪ ਐਵੇਨਿਊ ਨੂੰ ਵੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿੰਨਾਂ ਦਾ ਫਿਰ ਤੋਂ ਨਾਮਕਰਨ ਕੀਤਾ ਜਾਣਾ ਹੈ। ਜਾਣਕਾਰੀ ਅਨੁਸਾਰ ਇਹ ਉਹ ਸੜਕਾਂ ਹਨ, ਜਿੰਨਾਂ ਦੀ ਉਸਾਰੀ ਤੇ ਨਾਮਕਰਨ ਉਦੋਂ ਹੋਏ ਜਦ ਡੋਨਲਡ ਟਰੰਪ ਵੱਡੇ ਡਿਵੈਲਪਰ ਅਤੇ ਕਾਰੋਬਾਰੀ ਸਨ ਤੇ ਓਟਵਾ ’ਚ ਉਨ੍ਹਾਂ ਦੀ ਕੰਪਨੀ ਨੇ ਕਈ ਪ੍ਰੋਜੈਕਟਾਂ ਦਾ ਨਿਰਮਾਣ ਕੀਤਾ ਸੀ। ਹੁਣ ਜਦ ਉਹ ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਬਣਕੇ ਅਮਰੀਕਾ ਨੂੰ ਆਪਣੀਆਂ ਨੀਤੀਆਂ ਦੇ ਰੰਗਾਂ ਵਿੱਚ ਰੰਗਣ ਲਈ ਯਤਨਸ਼ੀਲ ਹਨ ਤਾਂ ਉਸਦੀ ਕੈਨੇਡਾ ਪ੍ਰਤੀ ਸੁਹਿਰਦਤਾ ਵੀ ਪਹਿਲਾਂ ਵਾਲੀ ਨਹੀਂ ਰਹੀ। ਇਸੇ ਕਾਰਨ ਕੌਂਸਲ ਦੇ ਕਈ ਮੈਂਬਰ ਪਿਛਲੇ ਮਹੀਨਿਆਂ ਤੋਂ ਇਨ੍ਹਾਂ ਸੜਕਾਂ ਦੇ ਨਾਮ ਬਦਲਣਾ ਚਾਹੁੰਦੇ ਸਨ, ਜਿਸਦਾ ਸਥਾਨਕ ਲੋਕਾਂ ਵਲੋਂ ਵੀ ਸਵਾਗਤ ਕੀਤੇ ਜਾਣ ਦੀ ਗੱਲ ਸਾਹਮਣੇ ਆਈ ਹੈ। ਇਹ ਵੀ ਪਤਾ ਲੱਗਾ ਹੈ ਕਿ ਟਰੰਪ ਐਵੇਨਿਊ ਸੜਕ ਤੇ ਵੱਸਦੇ ਲੋਕਾਂ ਨੇ ਵੀ ਇਹ ਅਵਾਜ ਚੁੱਕੀ ਸੀ ਕਿ ਉਨ੍ਹਾਂ ਨੂੰ ਇਹ ਨਾਮ ਪਸੰਦ ਨਹੀਂ।

# ਬੀ.ਸੀ. ਵਿੱਚ ਹੁਣ ਸਾਲ ਭਰ ਇੱਕੋ ਸਮਾਂ, 1 ਨਵੰਬਰ ਨੂੰ ਨਹੀਂ ਬਦਲੀਆਂ ਜਾਣਗੀਆਂ ਘੜੀਆਂ

ਬ੍ਰਿਟਿਸ਼ ਕੋਲੰਬੀਆ: ਬੀ.ਸੀ. ਵੱਲੋਂ ਸਾਲ ਵਿੱਚ ਦੋ ਵਾਰ ਘੜੀਆਂ ਅੱਗੇ-ਪਿੱਛੇ ਕਰਨ ਦੀ ਰਵਾਇਤ ਖਤਮ ਕਰਕੇ ਸਾਲ ਭਰ ਇੱਕੋ ਪੈਸੀਫਿਕ ਟਾਈਮ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਤਹਿਤ 1 ਨਵੰਬਰ 2026 ਨੂੰ ਘੜੀਆਂ ਇੱਕ ਘੰਟਾ ਪਿੱਛੇ ਨਹੀਂ ਕੀਤੀਆਂ ਜਾਣਗੀਆਂ। ਹੁਣ ਸਾਲ ਭਰ Pacific Time (PCT) ਲਾਗੂ ਰਹੇਗਾ, ਜਿਸ ਨਾਲ ਮਾਰਚ ਅਤੇ ਨਵੰਬਰ ਵਿੱਚ ਹੋਣ ਵਾਲੀ ਸਮਾਂ-ਤਬਦੀਲੀ ਖਤਮ ਹੋ ਜਾਵੇਗੀ। ਸਰਕਾਰ ਮੁਤਾਬਕ ਇਸ ਨਾਲ ਪਰਿਵਾਰਾਂ, ਕਾਰੋਬਾਰਾਂ, ਸਕੂਲਾਂ ਅਤੇ ਡਿਜ਼ੀਟਲ ਪ੍ਰਣਾਲੀਆਂ ਲਈ ਸਮਾਂ-ਸਾਰਣੀ ਬਣਾਈ ਰੱਖਣਾ ਆਸਾਨ ਹੋਵੇਗਾ।

2019 ਦੇ ਜਨਤਕ ਮਸ਼ਵਰੇ ਵਿੱਚ 2,23,273 ਲੋਕਾਂ ਨੇ ਹਿੱਸਾ ਲਿਆ ਸੀ ਅਤੇ ਸਰਕਾਰ ਅਨੁਸਾਰ 93 ਫ਼ੀਸਦੀ ਨੇ ਸਾਲ ਭਰ ਡੇਅਲਾਈਟ ਸੇਵਿੰਗ ਟਾਈਮ ਦਾ ਸਮਰਥਨ ਕੀਤਾ ਸੀ।

ਹਾਲਾਂਕਿ ਬੀ.ਸੀ. ਦੇ ਕੁਝ ਉੱਤਰੀ ਅਤੇ ਦੱਖਣ-ਪੂਰਬੀ ਖੇਤਰਾਂ ਵਿੱਚ ਪਹਿਲਾਂ ਤੋਂ ਲਾਗੂ ਸਥਾਨਕ Mountain Time ਵਿਵਸਥਾਵਾਂ ’ਤੇ ਇਸ ਬਦਲਾਅ ਦਾ ਅਸਰ ਨਹੀਂ ਪਵੇਗਾ।



# ਨਵਾਂ ਮੋਬਾਈਲ ਫੋਨ ਵਾਪਸ ਮੰਗਣ ਦੇ ਨਾਂ ’ਤੇ ਠੱਗੀ !

## North Cowichan/Duncan RCMP ਵੱਲੋਂ ਲੋਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ

ਨਾਰਥ ਕੋਵਿਚਨ/ਡੰਕਨ, ਬੀ.ਸੀ. — ਨਵੇਂ ਮੋਬਾਈਲ ਫੋਨ ਖਰੀਦਣ ਵਾਲੇ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਜਾ ਰਹੀ ਇੱਕ ਨਵੀਂ ਕਿਸਮ ਦੀ ਠੱਗੀ ਨੂੰ ਲੈ ਕੇ North Cowichan/Duncan RCMP ਨੇ ਲੋਕਾਂ ਨੂੰ ਚੌਕਸ ਕੀਤਾ ਹੈ। ਪੁਲਿਸ ਨੂੰ ਅਜਿਹੇ ਕਈ ਮਾਮਲਿਆਂ ਦੀਆਂ ਰਿਪੋਰਟਾਂ ਮਿਲੀਆਂ ਹਨ, ਜਿਨ੍ਹਾਂ ਵਿੱਚ ਠੱਗ ਨਵੇਂ ਖਰੀਦੇ ਗਏ ਮੋਬਾਈਲ ਫੋਨ ਨੂੰ ਵਾਪਸ ਮੰਗਣ ਲਈ ਜਾਅਲੀ ਸਰਵਿਸ ਪ੍ਰੋਵਾਈਡਰ ਬਣ ਕੇ ਲੋਕਾਂ ਨਾਲ ਸੰਪਰਕ ਕਰ ਰਹੇ ਹਨ। ਪੁਲਿਸ ਮੁਤਾਬਕ ਇਹ ਠੱਗੀ ਖਾਸ ਤੌਰ ’ਤੇ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਉਂਦੀ ਹੈ ਜਿਨ੍ਹਾਂ ਨੇ ਹਾਲ ਹੀ ਵਿੱਚ ਕਿਸੇ ਜਾਇਜ਼ ਵਾਇਰਲੈੱਸ ਸਰਵਿਸ ਪ੍ਰੋਵਾਈਡਰ ਰਾਹੀਂ ਨਵਾਂ ਮੋਬਾਈਲ ਫੋਨ ਪ੍ਰਾਪਤ ਕੀਤਾ ਹੁੰਦਾ ਹੈ।

**ਕਿਵੇਂ ਹੋ ਰਹੀ ਹੈ ਠੱਗੀ ?**

ਪੁਲਿਸ ਦੇ ਅਨੁਸਾਰ, ਠੱਗ ਪਹਿਲਾਂ ਪੀੜਤ ਨੂੰ ਫੋਨ, ਈਮੇਲ ਜਾਂ ਕਿਸੇ ਹੋਰ ਢੰਗ ਰਾਹੀਂ ਸੰਪਰਕ ਕਰਦੇ ਹਨ ਅਤੇ ਆਪਣੇ ਆਪ ਨੂੰ ਉਸ ਦੇ ਮੋਬਾਈਲ ਸਰਵਿਸ ਪ੍ਰੋਵਾਈਡਰ ਦਾ ਨੁਮਾਇੰਦਾ ਦੱਸਦੇ ਹਨ।

ਇਸ ਤੋਂ ਬਾਅਦ ਉਹ ਪੀੜਤ ਨੂੰ ਦੱਸਦੇ ਹਨ ਕਿ ਗਲਤੀ ਨਾਲ ਉਸ ਨੂੰ ਗਲਤ ਮੋਬਾਈਲ ਫੋਨ ਭੇਜ ਦਿੱਤਾ ਗਿਆ ਹੈ ਅਤੇ ਕੰਪਨੀ ਨੂੰ ਉਹ ਡਿਵਾਈਸ ਵਾਪਸ ਭੇਜਣ ਦੀ ਲੋੜ ਹੈ।

ਪੀੜਤ ਨੂੰ ਭਰੋਸੇ ਵਿੱਚ ਲੈਣ ਲਈ ਠੱਗ ਉਸ ਨੂੰ ਈਮੇਲ ਰਾਹੀਂ ਇੱਕ ਪ੍ਰੀਪੇਡ ਸ਼ਿਪਿੰਗ ਲੇਬਲ ਵੀ ਭੇਜਦੇ ਹਨ। ਕਿਉਂਕਿ ਇਹ ਸਾਰੀ ਪ੍ਰਕਿਰਿਆ ਆਮ ਕੰਪਨੀ ਰਿਟਰਨ ਵਰਗੀ ਦਿਖਾਈ ਦਿੰਦੀ ਹੈ, ਇਸ ਲਈ ਕਈ ਲੋਕ ਇਸ ਨੂੰ ਅਸਲੀ ਸਮਝ ਲੈਂਦੇ ਹਨ।

ਲੋਕ ਉਸ ਲੇਬਲ ਦੀ ਵਰਤੋਂ ਕਰਕੇ ਆਪਣਾ ਨਵਾਂ ਅਤੇ ਮਹਿੰਗਾ ਮੋਬਾਈਲ ਫੋਨ ਪਾਰਸਲ ਰਾਹੀਂ ਵਾਪਸ ਭੇਜ ਦਿੰਦੇ ਹਨ।

ਪਰ ਬਾਅਦ ਵਿੱਚ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਪੈਕੇਜ ਅਸਲ ਸਰਵਿਸ ਪ੍ਰੋਵਾਈਡਰ ਦੇ ਪਤੇ ’ਤੇ ਨਹੀਂ, ਸਗੋਂ ਕਿਸੇ ਅਣਅਧਿਕਾਰਤ ਪਤੇ ’ਤੇ ਪਹੁੰਚ ਗਿਆ ਹੈ। ਇਸ ਤਰ੍ਹਾਂ ਪੀੜਤ ਆਪਣਾ ਨਵਾਂ ਮੋਬਾਈਲ ਫੋਨ ਗੁਆ ਬੈਠਦਾ ਹੈ।

**ਠੱਗਾਂ ਕੋਲ ਹੋ ਸਕਦੀ ਹੈ ਤੁਹਾਡੀ ਕੁਝ ਜਾਣਕਾਰੀ**

North Cowichan/Duncan RCMP ਦੀ ਮੀਡੀਆ ਰਿਲੇਸ਼ਨਜ਼ ਅਫਸਰ Cst. Tessa McDonald ਨੇ ਕਿਹਾ ਕਿ ਅਜਿਹੇ ਠੱਗ ਲੋਕਾਂ ਨੂੰ ਕਾਫ਼ੀ ਯਕੀਨੀ ਢੰਗ ਨਾਲ ਆਪਣੀ ਗੱਲ ਮੰਨਵਾ ਸਕਦੇ ਹਨ। ਕਈ ਵਾਰ ਉਨ੍ਹਾਂ ਕੋਲ ਪੀੜਤ ਨਾਲ ਸਬੰਧਤ ਕੁਝ ਅਜਿਹੀ ਜਾਣਕਾਰੀ ਵੀ ਹੁੰਦੀ ਹੈ ਜਿਸ ਕਾਰਨ ਉਨ੍ਹਾਂ ਦੀ ਗੱਲ ਅਸਲੀ ਲੱਗਣ ਲੱਗਦੀ ਹੈ।

ਉਨ੍ਹਾਂ ਲੋਕਾਂ ਨੂੰ ਸਲਾਹ ਦਿੱਤੀ ਕਿ ਜੇਕਰ ਕਿਸੇ ਨੂੰ ਹਾਲ ਹੀ ਵਿੱਚ ਖਰੀਦੇ ਜਾਂ ਪ੍ਰਾਪਤ ਕੀਤੇ ਮੋਬਾਈਲ ਫੋਨ ਨੂੰ ਵਾਪਸ ਕਰਨ ਲਈ ਕਿਹਾ ਜਾਂਦਾ ਹੈ ਤਾਂ ਫੋਨ ਜਾਂ ਡਿਵਾਈਸ ਭੇਜਣ ਤੋਂ ਪਹਿਲਾਂ ਸਿੱਧੇ ਤੌਰ ’ਤੇ ਆਪਣੀ ਸਰਵਿਸ ਪ੍ਰੋਵਾਈਡਰ ਕੰਪਨੀ ਨਾਲ ਸੰਪਰਕ ਕਰਕੇ ਇਸ ਬੇਨਤੀ ਦੀ ਪੁਸ਼ਟੀ ਜ਼ਰੂਰ ਕੀਤੀ ਜਾਵੇ।

**ਲੋਕ ਕਿਵੇਂ ਬਚ ਸਕਦੇ ਹਨ ?**

ਪੁਲਿਸ ਨੇ ਲੋਕਾਂ ਨੂੰ ਇਸ ਕਿਸਮ ਦੀ ਠੱਗੀ ਤੋਂ ਬਚਣ ਲਈ ਕਈ ਸਾਵਧਾਨੀਆਂ ਵਰਤਣ ਦੀ ਸਲਾਹ ਦਿੱਤੀ ਹੈ: ਸਰਵਿਸ ਪ੍ਰੋਵਾਈਡਰ ਨਾਲ ਖੁਦ ਸੰਪਰਕ ਕਰੋ: ਜੇਕਰ ਫੋਨ ਵਾਪਸ ਕਰਨ ਲਈ ਕੋਈ ਕਾਲ ਜਾਂ ਸੁਨੇਹਾ ਆਉਂਦਾ ਹੈ ਤਾਂ ਉਸੇ ਨੰਬਰ ’ਤੇ ਵਾਪਸ ਸੰਪਰਕ ਕਰਨ ਦੀ ਬਜਾਏ ਕੰਪਨੀ ਦੇ ਅਧਿਕਾਰਤ ਅਤੇ ਪੁਸ਼ਟੀ ਕੀਤੇ ਫੋਨ ਨੰਬਰ ਦੀ ਵਰਤੋਂ ਕਰੋ। ਅਚਾਨਕ ਆਈਆਂ ਕਾਲਾਂ ਜਾਂ ਈਮੇਲਾਂ ਤੋਂ ਸਾਵਧਾਨ ਰਹੋ: ਨਵੇਂ ਮੋਬਾਈਲ ਦੀ ਖਰੀਦ ਨਾਲ ਸਬੰਧਤ ਕੋਈ ਅਣਉਮੀਦ ਕਾਲ, ਈਮੇਲ ਜਾਂ ਟੈਕਸਟ ਮੈਸੇਜ ਮਿਲੇ ਤਾਂ ਤੁਰੰਤ ਉਸ ’ਤੇ ਭਰੋਸਾ ਨਾ ਕਰੋ।

ਸ਼ਿਪਿੰਗ ਪਤੇ ਦੀ ਪੁਸ਼ਟੀ ਕਰੋ: ਫੋਨ ਵਾਪਸ ਭੇਜਣ ਤੋਂ ਪਹਿਲਾਂ ਰਿਟਰਨ ਅਤੇ ਸ਼ਿਪਿੰਗ ਪਤੇ ਦੀ ਜਾਣਕਾਰੀ ਆਪਣੀ ਕੰਪਨੀ ਨਾਲ ਖੁਦ ਪੁਸ਼ਟੀ ਕਰੋ। ਨਿੱਜੀ ਜਾਣਕਾਰੀ ਸਾਂਝੀ ਨਾ ਕਰੋ: ਜਦੋਂ ਤੱਕ ਇਹ ਪੱਕਾ ਨਾ ਹੋ ਜਾਵੇ ਕਿ ਤੁਸੀਂ ਕਿਸ ਨਾਲ ਗੱਲ ਕਰ ਰਹੇ ਹੋ, ਆਪਣੀ ਨਿੱਜੀ ਜਾਂ ਖਾਤੇ ਨਾਲ ਸਬੰਧਤ ਜਾਣਕਾਰੀ ਸਾਂਝੀ ਨਾ ਕਰੋ।

ਸ਼ੱਕੀ ਗਤੀਵਿਧੀ ਦੀ ਰਿਪੋਰਟ ਕਰੋ: ਜੇਕਰ ਕੋਈ ਮਾਮਲਾ ਸ਼ੱਕੀ ਲੱਗਦਾ ਹੈ ਤਾਂ ਤੁਰੰਤ ਆਪਣੇ ਸਰਵਿਸ ਪ੍ਰੋਵਾਈਡਰ ਅਤੇ ਸਥਾਨਕ ਪੁਲਿਸ ਨੂੰ ਇਸ ਬਾਰੇ ਜਾਣਕਾਰੀ ਦਿਓ।

ਫੋਨ ਵਾਪਸ ਭੇਜਣ ਤੋਂ ਪਹਿਲਾਂ ਇੱਕ ਵਾਰ ਜ਼ਰੂਰ ਜਾਂਚ ਕਰੋ

ਪੁਲਿਸ ਨੇ ਖਾਸ ਤੌਰ ’ਤੇ ਨਵੇਂ ਮੋਬਾਈਲ ਫੋਨ ਖਰੀਦਣ ਵਾਲੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਅਣਜਾਣ ਵਿਅਕਤੀ ਦੀ ਗੱਲ ’ਤੇ ਭਰੋਸਾ ਕਰਕੇ ਆਪਣਾ ਡਿਵਾਈਸ ਵਾਪਸ ਨਾ ਭੇਜਣ। ਜੇਕਰ ਕੋਈ ਵਿਅਕਤੀ ਇਹ ਦਾਅਵਾ ਕਰਦਾ ਹੈ ਕਿ ਕੰਪਨੀ ਵੱਲੋਂ ਗਲਤ ਫੋਨ ਭੇਜਿਆ ਗਿਆ ਹੈ ਤਾਂ ਪਹਿਲਾਂ ਕੰਪਨੀ ਨਾਲ ਸਿੱਧਾ ਸੰਪਰਕ ਕਰਕੇ ਆਰਡਰ, ਡਿਵਾਈਸ ਅਤੇ ਰਿਟਰਨ ਪ੍ਰਕਿਰਿਆ ਦੀ ਪੁਸ਼ਟੀ ਕੀਤੀ ਜਾਵੇ।

ਖਾਸ ਤੌਰ ’ਤੇ ਈਮੇਲ ਰਾਹੀਂ ਮਿਲੇ ਸ਼ਿਪਿੰਗ ਲੇਬਲ ਜਾਂ ਰਿਟਰਨ ਪਤੇ ਨੂੰ ਆਪਣੇ ਆਪ ਸਹੀ ਨਾ ਮੰਨਿਆ ਜਾਵੇ।

**ਜੇਕਰ ਤੁਸੀਂ ਠੱਗੀ ਦਾ ਸ਼ਿਕਾਰ ਹੋ ਗਏ ਹੋ**

ਜੇਕਰ ਕਿਸੇ ਵਿਅਕਤੀ ਨੂੰ ਲੱਗਦਾ ਹੈ ਕਿ ਉਹ ਇਸ ਸਕੈਮ ਦਾ ਨਿਸ਼ਾਨਾ ਬਣ ਚੁੱਕਾ ਹੈ ਜਾਂ ਉਸ ਨੇ ਪਹਿਲਾਂ ਹੀ ਆਪਣਾ ਮੋਬਾਈਲ ਫੋਨ ਅਜਿਹੇ ਤਰੀਕੇ ਨਾਲ ਵਾਪਸ ਭੇਜ ਦਿੱਤਾ ਹੈ, ਤਾਂ ਪੁਲਿਸ ਨੇ ਤੁਰੰਤ ਆਪਣੇ ਸਰਵਿਸ ਪ੍ਰੋਵਾਈਡਰ ਨਾਲ ਸੰਪਰਕ ਕਰਨ ਅਤੇ ਮਾਮਲੇ ਦੀ ਸਥਾਨਕ ਪੁਲਿਸ ਨੂੰ ਰਿਪੋਰਟ ਕਰਨ ਦੀ ਸਲਾਹ ਦਿੱਤੀ ਹੈ।

**ਅੱਜ ਦਾ ਵਿਚਾਰ** | ਭੈੜੇ ਨਿਯਮ ਘਟੀਆ ਪ੍ਰਕਾਰ ਦਾ ਪ੍ਰਬੰਧ ਦਿੰਦੇ ਹਨ : ਬੁਰਕ

## ਸੰਪਾਦਕੀ........

# ਪੰਜਾਬ ਚੋਣਾਂ: ਨਵੇਂ ਸਿਆਸੀ ਸਮੀਕਰਨ

ਸਾਲ 2027 ਦੇ ਸ਼ੁਰੂ ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਸੂਬੇ ਦੇ ਉਥਲ-ਪੁਥਲ ਭਰੇ ਸਿਆਸੀ ਇਤਿਹਾਸ ਵਿੱਚ ਫ਼ੈਸਲਾਕੁਨ ਮੋੜ ਸਾਬਿਤ ਹੋ ਸਕਦੀਆਂ ਹਨ। ਮੌਜੂਦਾ ਸਿਆਸੀ ਮਾਹੌਲ ਦੇ ਮੱਦੇਨਜ਼ਰ ਇਹ ਚੋਣਾਂ ਸਿਆਸੀ ਮੁਕਾਬਲੇ ਦੇ ਢੰਗ ਅਤੇ ਸਮੀਕਰਨਾਂ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰ ਸਕਦੀਆਂ ਹਨ। ਆਜ਼ਾਦੀ ਮਗਰੋਂ ਪਹਿਲੀ ਵਾਰ ਪੰਜ ਪ੍ਰਮੁੱਖ ਸਿਆਸੀ ਪਾਰਟੀਆਂ ਸੱਤਾ ਲਈ ਚੋਣ ਮੈਦਾਨ ਵਿੱਚ ਆਹਮੋ-ਸਾਹਮਣੇ ਹੋਣਗੀਆਂ। ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਨੂੰ ਚੁਣੌਤੀ ਦੇ ਰਹੀਆਂ ਚਾਰ ਵਿਰੋਧੀ ਪਾਰਟੀਆਂ ਵਿੱਚ 'ਵਾਰਿਸ ਪੰਜਾਬ ਦੇ' ਵੀ ਸ਼ਾਮਿਲ ਹੈ। ਇਹ ਇੱਕ ਨਵੀਂ ਸਿਆਸੀ ਜਥੇਬੰਦੀ ਹੈ, ਜਿਸ ਨੇ ਆਪਣੇ ਸੁਧਾਰਵਾਦੀ ਰੁਖ਼ ਅਤੇ ਸਿਆਸੀ ਬਦਲਾਅ ਦੇ ਵਾਅਦੇ ਕਾਰਨ ਪੇਂਡੂ ਸਿੱਖ ਨੌਜਵਾਨਾਂ ਵਿੱਚ ਕਾਫ਼ੀ ਪਕੜ ਬਣਾਈ ਹੈ। ਇਹ ਹਾਲਾਤ ਰਵਾਇਤੀ ਸਿਆਸੀ ਪਾਰਟੀਆਂ ਪ੍ਰਤੀ ਲੋਕਾਂ ਦੀ ਘਟ ਰਹੀ ਦਿਲਚਸਪੀ ਵੱਲ ਵੀ ਇਸ਼ਾਰਾ ਕਰਦੇ ਹਨ।

ਸਿਆਸਤ ਦੀ ਆਦਰਸ਼ਵਾਦੀ ਕਲਪਨਾ ਤੋਂ ਕਾਫ਼ੀ ਹਰਮਨਪਿਆਰਤਾ ਹਾਸਿਲ ਕਰਨ ਵਾਲੀ ਇਹ ਨਵੀਂ ਸਿਆਸੀ ਤਾਕਤ ਹੋਰ ਪਾਰਟੀਆਂ, ਖ਼ਾਸਕਰ ਅਕਾਲੀ ਦਲ ਦੇ ਵੋਟ ਬੈਂਕ ਵਿੱਚ ਕਮੀ ਲਿਆ ਸਕਦੀ ਹੈ। ਹਾਲਾਂਕਿ ਸੰਭਵ ਹੈ ਕਿ ਇਹ ਸੱਤਾਧਾਰੀ ਪਾਰਟੀ ਲਈ ਗੰਭੀਰ ਚੁਣੌਤੀ ਪੇਸ਼ ਕਰਨ ਦੀ ਸਥਿਤੀ ਵਿੱਚ ਨਾ ਹੋਵੇ। ਫਿਰ ਵੀ ਚੋਣ ਮੈਦਾਨ ਵਿੱਚ ਇਸ ਦੀ ਸਪੱਸ਼ਟ ਮੌਜੂਦਗੀ ਨੇ ਪੰਜਾਬ ਦੇ ਸਿਆਸੀ ਤਵਾਜ਼ਨ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਗਰਮ ਖ਼ਿਆਲੀ ਸਿਆਸਤ ਦੀ ਵਾਪਸੀ ਬਾਰੇ ਤੌਖ਼ਲਿਆਂ ਨੂੰ ਮੁੜ ਜਨਮ ਦਿੱਤਾ ਹੈ। ਆਪਣਾ ਸਿਆਸੀ ਆਧਾਰ ਮੁੜ ਤਲਾਸ਼ ਰਿਹਾ ਅਕਾਲੀ ਦਲ, ਤੇਜ਼ੀ ਨਾਲ ਉੱਭਰ ਰਹੀ ਭਾਜਪਾ ਅਤੇ ਕਾਂਗਰਸ ਵੱਲੋਂ ਆਪਸੀ ਖਿੱਚੋਤਾਣ ਕਾਰਨ ਆਪਣੇ ਆਪ ਨੂੰ ਪਹੁੰਚਾਇਆ ਗਿਆ ਸਿਆਸੀ ਨੁਕਸਾਨ- ਇਨ੍ਹਾਂ ਸਾਰਿਆਂ ਨੇ ਮਿਲ ਕੇ ਪੰਜਾਬ ਦੀ ਸਿਆਸਤ ਨੂੰ ਬਦਲ ਦਿੱਤਾ ਹੈ।ਇਸ ਦੇ ਨਾਲ ਹੀ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸੰਭਾਵੀ ਗੱਠਜੋੜ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਦੇ ਸਿਆਸੀ ਸਮੀਕਰਨਾਂ ਨੂੰ ਪੂਰੀ ਤਰ੍ਹਾਂ ਬਦਲ ਸਕਦਾ ਹੈ ਅਤੇ 'ਆਪ' ਸਾਹਮਣੇ ਇੱਕ ਮੁੱਖ ਚੁਣੌਤੀ ਵਜੋਂ ਉੱਭਰ ਸਕਦਾ ਹੈ। ਇਨ੍ਹਾਂ ਹਾਲਾਤ ਵਿੱਚ ਖਿੰਡੇ ਹੋਏ ਜਨਮਤ ਅਤੇ ਉਸ ਤੋਂ ਪੈਦਾ ਹੋਣ ਵਾਲੀ ਸਿਆਸੀ ਅਸਥਿਰਤਾ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦਾ ਸੂਬੇ ਦੇ ਵਿਕਾਸ ਦੀਆਂ ਲੋੜਾਂ 'ਤੇ ਗੰਭੀਰ ਅਸਰ ਪੈ ਸਕਦਾ ਹੈ। ਪੰਜਾਬ ਦੀ ਵੱਖ-ਵੱਖ ਵਿਕਾਸ ਪੈਮਾਨਿਆਂ ਵਿੱਚ ਸਾਲਾਂ ਤੋਂ ਦਰਜ ਹੋ ਰਹੀ ਗਿਰਾਵਟ ਨੂੰ ਉਦੋਂ ਤੱਕ ਨਹੀਂ ਰੋਕਿਆ ਜਾ ਸਕਦਾ, ਜਦੋਂ ਤੱਕ ਸੂਬੇ ਦੇ ਨਵੀਨੀਕਰਨ ਅਤੇ ਮੁੜ ਉਭਾਰ ਲਈ ਲੋੜੀਂਦੀਆਂ ਅਹਿਮ ਨੀਤੀਆਂ 'ਤੇ ਵਿਆਪਕ ਸਿਆਸੀ ਸਹਿਮਤੀ ਨਹੀਂ ਬਣਦੀ।

ਜ਼ਮੀਨੀ ਹਾਲਾਤ ਅਤੇ ਇੱਕ ਮਜ਼ਬੂਤ ਜਮਹੂਰੀਅਤ ਦੀਆਂ ਲੋੜਾਂ ਸਿਆਸੀ ਵਿਚਾਰ-ਵਟਾਂਦਰੇ ਵਿੱਚ ਸ਼ਾਲੀਨਤਾ ਅਤੇ ਆਪਸੀ ਰਿਸ਼ਤਿਆਂ ਵਿੱਚ ਮਰਿਆਦਾ ਤੇ ਸਦਭਾਵਨਾ ਦੀ ਵਾਪਸੀ ਦੀ ਮੰਗ ਕਰਦੀਆਂ ਹਨ। ਸਿਆਸੀ ਆਗੂਆਂ ਦਰਮਿਆਨ ਸੁਹਿਰਦ ਸੰਚਾਰ ਦੇ ਰਾਹ ਖੁੱਲ੍ਹੇ ਰਹਿਣੇ ਬਹੁਤ ਜ਼ਰੂਰੀ ਹਨ ਕਿਉਂਕਿ ਸੂਬੇ ਦੇ ਵਿਕਾਸ ਲਈ ਸੂਝ ਭਰੀਆਂ ਨੀਤੀਆਂ 'ਤੇ ਵਿਆਪਕ ਸਹਿਮਤੀ ਬਣਾਉਣ ਲਈ ਆਗੂਆਂ ਵਿਚਕਾਰ ਸਹਿਯੋਗ ਅਤੇ ਤਾਲਮੇਲ ਲਾਜ਼ਮੀ ਹੈ। ਸੋਸ਼ਲ ਮੀਡੀਆ 'ਤੇ ਸਿਆਸੀ ਆਗੂਆਂ ਵਿਚਕਾਰ ਹੋਣ ਵਾਲੀ ਕੌੜੀ-ਕੁਸੈਲੀ ਜਨਤਕ ਬਹਿਸ, ਜੋ ਹੁਣ ਇੱਕ ਅਮੁੱਕ ਤਮਾਸ਼ੇ ਦਾ ਰੂਪ ਧਾਰ ਚੁੱਕੀ ਹੈ, ਨੇ ਨਾਗਰਿਕਾਂ ਲਈ ਆਦਰਸ਼ ਬਣਨ ਵਾਲੇ ਵਿਅਕਤੀਆਂ ਵਜੋਂ ਉਨ੍ਹਾਂ ਦੀ ਨਿੱਜੀ ਭਰੋਸੇਯੋਗਤਾ ਨੂੰ ਘਟਾਇਆ ਹੈ ਅਤੇ ਜਮਹੂਰੀਅਤ ਦੇ ਰਖਵਾਲਿਆਂ ਵਜੋਂ ਸਿਆਸੀ ਪਾਰਟੀਆਂ ਦੀ ਸਾਖ਼ ਨੂੰ ਵੀ ਕਮਜ਼ੋਰ ਕੀਤਾ ਹੈ।ਕਿਸੇ ਦੀ ਸਾਖ਼ ਨੂੰ ਬਿਨਾਂ ਸੋਚੇ-ਸਮਝੇ ਢਾਹ ਲਾਉਣਾ ਅਤੇ ਵਿਅਕਤੀਆਂ ਦੇ ਮਾਣ ਨੂੰ ਵਾਰ-ਵਾਰ ਠੇਸ ਪਹੁੰਚਾਉਣਾ ਜਮਹੂਰੀ ਵਿਚਾਰ-ਚਰਚਾ ਦੇ ਬੁਨਿਆਦੀ ਅਸੂਲਾਂ ਦੀ ਉਲੰਘਣਾ ਹੈ। ਇੱਕ ਵਾਰ ਕਹੇ ਗਏ ਸ਼ਬਦ ਸਿਰਫ਼ ਸਮਾਂ ਬੀਤਣ ਨਾਲ ਖ਼ਤਮ ਨਹੀਂ ਹੋ ਜਾਂਦੇ। ਕੌੜੇ ਸ਼ਬਦਾਂ ਨਾਲ ਪਹੁੰਚੀ ਠੇਸ ਰੂਹ ਨੂੰ ਅਜਿਹਾ ਜ਼ਖ਼ਮ ਲਗਾ ਜਾਂਦੀ ਹੈ, ਜੋ ਆਸਾਨੀ ਨਾਲ ਨਹੀਂ ਭਰਦਾ। ਹਿੰਸਕ ਜਾਂ ਡਰ ਪੈਦਾ ਕਰਨ ਵਾਲੇ ਲਹਿਜੇ ਵਿੱਚ ਕੀਤੀ ਗਈ ਗੱਲਬਾਤ ਲੋਕਤੰਤਰ ਦੀ ਉਸ ਨਰਮੀ ਅਤੇ ਪ੍ਰਭਾਵਸ਼ਾਲੀ ਅਪੀਲ ਨੂੰ ਕਮਜ਼ੋਰ ਕਰਦੀ ਹੈ, ਜੋ ਸਿਆਸੀ ਅਤੇ ਸਮਾਜਿਕ ਜੀਵਨ ਨੂੰ ਸੁਚੱਜੇ ਢੰਗ ਨਾਲ ਚਲਾਉਣ ਵਿੱਚ ਇਸ ਦੀਆਂ ਕੇਂਦਰੀ ਖ਼ੂਬੀਆਂ ਹਨ। ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਜਨਤਕ ਵਿਚਾਰ-ਵਟਾਂਦਰੇ ਦਾ ਪੱਧਰ ਉੱਚਾ ਚੁੱਕਿਆ ਜਾਵੇ ਅਤੇ ਇਸ ਨੂੰ ਤਲਖ਼ੀ, ਬਦਨਾਮੀ ਤੇ ਨਿੱਜੀ ਦੁਸ਼ਮਣੀ ਤੋਂ ਫੈਸਲਾਕੁੰਨ ਢੰਗ ਨਾਲ ਦੂਰ ਲਿਜਾਇਆ ਜਾਵੇ।ਖੁਸ਼ਹਾਲ ਸੂਬੇ ਵਜੋਂ ਪੰਜਾਬ ਦੇ ਮੁੜ ਉਭਾਰ ਲਈ ਅਜਿਹੀ ਖੁੱਲ੍ਹੇ ਦਿਲ ਵਾਲੀ ਲੀਡਰਸ਼ਿਪ ਦੀ ਲੋੜ ਹੈ, ਜੋ ਲੰਮੇ ਸਮੇਂ ਤੋਂ ਸੂਬੇ ਦੀ ਸਿਆਸਤ ਨੂੰ ਪ੍ਰਭਾਵਿਤ ਕਰ ਰਹੀ ਤੰਗਦਿਲੀ ਅਤੇ ਤੰਗਨਜ਼ਰੀ ਤੋਂ ਉੱਪਰ ਉੱਠ ਸਕੇ। ਅੱਜ ਸਭ ਤੋਂ ਵੱਡੀ ਲੋੜ ਅਜਿਹੇ ਆਗੂਆਂ ਨੂੰ ਲੱਭਣ ਦੀ ਹੈ, ਜੋ ਆਪਣੇ ਆਪ ਤੋਂ ਉੱਪਰ ਉੱਠ ਕੇ ਹਾਸ਼ੀਏ 'ਤੇ ਧੱਕੇ ਅਤੇ ਹੱਕਾਂ ਤੋਂ ਵਾਂਝੇ ਲੋਕਾਂ ਪ੍ਰਤੀ ਦਇਆ ਤੇ ਸੰਵੇਦਨਾ ਨੂੰ ਸ਼ਾਸਨ ਦੀ ਮੂਲ ਭਾਵਨਾ ਬਣਾ ਸਕਣ ਅਤੇ ਸਿਰਫ਼ ਸੱਤਾ ਹਾਸਲ ਕਰਨ ਦੇ ਲਾਲਚ ਤੋਂ ਖ਼ੁਦ ਨੂੰ ਬਚਾ ਸਕਣ। ਸਾਨੂੰ ਅਜਿਹੇ ਆਗੂਆਂ ਦੀ ਭਾਲ ਕਰਨੀ ਚਾਹੀਦੀ ਹੈ, ਜੋ ਦਬਦਬੇ ਵਾਲੀ ਤਾਕਤ ਨੂੰ ਲੋਕਾਂ ਦੀ ਤਾਕਤ ਨਾ ਸਮਝਣ ਅਤੇ ਉਨ੍ਹਾਂ ਲੋਕਾਂ ਤੋਂ ਦੂਰ ਰਹਿਣ ਜਿਨ੍ਹਾਂ ਦੀ ਲੀਡਰਸ਼ਿਪ ਦਾ ਦਾਅਵਾ ਤਾਕਤ ਦੇ ਨੰਗੇ ਪ੍ਰਦਰਸ਼ਨ ਅਤੇ ਸਮਰਥਕਾਂ ਦੇ ਭੇਸ ਵਾਲੇ ਸੌੜੇ ਹਿੱਤਾਂ ਵਾਲੇ ਲੋਕਾਂ ਦੀ ਖੁਸ਼ਾਮਦ 'ਤੇ ਟਿਕਿਆ ਹੋਵੇ। ਲੋਕਾਂ ਦੇ ਦੁੱਖਾਂ ਅਤੇ ਬੇਇਨਸਾਫ਼ੀ ਪ੍ਰਤੀ ਬੇਪਰਵਾਹ ਹੰਕਾਰੀ ਸੱਤਾ ਦਾ ਵਿਰੋਧ ਕਰਨਾ ਨਾਗਰਿਕਾਂ ਦਾ ਨੈਤਿਕ ਫ਼ਰਜ਼ ਹੈ। ਜਮਹੂਰੀਅਤ ਆਖ਼ਰਕਾਰ ਉਨ੍ਹਾਂ ਆਗੂਆਂ ਦੇ ਸਹਾਰੇ ਕਾਇਮ ਰਹਿੰਦੀ ਹੈ, ਜੋ ਪੀੜਤ ਅਤੇ ਕਮਜ਼ੋਰ ਲੋਕਾਂ ਦੀਆਂ ਅੱਖਾਂ ਵਿੱਚ ਰੁਕੇ ਹੋਏ ਹੰਝੂ ਦੇਖ ਸਕਣ ਅਤੇ ਉਨ੍ਹਾਂ ਦੇ ਦੱਬੇ ਹੋਏ ਹਉਕੇ ਸੁਣ ਸਕਣ। ਪੰਜਾਬ ਦੇ ਬਹਾਦਰ ਅਤੇ ਜ਼ਿੰਦਾਦਿਲ ਲੋਕ, ਜੋ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਪ੍ਰੇਰਣਾ ਲੈਂਦੇ ਹਨ, ਆਪਣੇ ਚੁਣੇ ਹੋਏ ਨੁਮਾਇੰਦਿਆਂ ਤੋਂ ਅਜਿਹੇ ਸ਼ਾਸਨ ਦੇ ਹੱਕਦਾਰ ਹਨ ਜਿਸ ਦੀ ਬੁਨਿਆਦ ਕਾਨੂੰਨ ਅਤੇ ਇਨਸਾਫ਼ 'ਤੇ ਟਿਕੀ ਹੋਵੇ। ਦਰਅਸਲ, ਕਾਨੂੰਨ ਦੇ ਦਾਇਰੇ ਵਿੱਚ ਰਹਿੰਦੇ ਲੋਕਾਂ ਨੂੰ ਖ਼ੁਦ ਵੀ ਕਾਨੂੰਨ ਨਾਲ ਬੱਝੇ ਹੋਣਾ ਚਾਹੀਦਾ ਹੈ ਅਤੇ ਅਜਿਹਾ ਦਿਸਣਾ ਵੀ ਚਾਹੀਦਾ ਹੈ।

# ਨ.ਫਰਤ ਦੇ ਬਾਜ਼ਾਰ 'ਚ ਪ੍ਰੇਸ਼ਾਨ ਮਨੁੱਖਤਾ

**ਗੁਰਪ੍ਰੀਤ ਲਹੌਰੀ**

ਭਾਰਤ ਸਮੇਤ ਦੁਨੀਆ ਭਰ ਵਿੱਚ ਅੱਜ ਅਜਿਹਾ ਮਾਹੌਲ ਬਣ ਚੁੱਕਿਆ ਹੈ, ਜਿਸ ਦੀ ਸ਼ਾਇਦ ਕੁਝ ਸਾਲ ਪਹਿਲਾਂ ਤੱਕ ਅਸੀਂ ਕਲਪਨਾ ਵੀ ਨਹੀਂ ਕੀਤੀ ਹੋਵੇਗੀ। ਪਿਛਲੇ ਲਗਪਗ ਡੇਢ ਦਹਾਕੇ ਦੌਰਾਨ ਦੇਸ਼-ਦੁਨੀਆ ਵਿੱਚ ਜਿੰਨੀ ਉਥਲ-ਪੁਥਲ ਹੋਈ ਹੈ, ਉਸ ਨੂੰ ਵੇਖਦਿਆਂ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਕਿ ਜੇਕਰ ਹਾਲਾਤ ਇਸੇ ਤਰ੍ਹਾਂ ਚੱਲਦੇ ਰਹੇ ਤਾਂ ਆਉਣ ਵਾਲਾ ਸਮਾਂ ਹੋਰ ਵੀ ਚੁਣੌਤੀਪੂਰਨ ਹੋ ਸਕਦਾ ਹੈ। ਅਸੀਂ ਆਪਣੇ ਸਮਿਆਂ ਦੌਰਾਨ ਕਈ ਮੁਲਕਾਂ ਵਿੱਚ ਜੰਗਾਂ ਲੱਗਦੀਆਂ ਵੇਖੀਆਂ ਹਨ। ਕਈ ਦੇਸ਼ਾਂ ਵਿੱਚ ਸਰਕਾਰਾਂ ਬਦਲਦੀਆਂ, ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਸੱਤਾ ਤੋਂ ਲਾਂਭੇ ਹੁੰਦੇ ਅਤੇ ਲੋਕਾਂ ਦੇ ਹੱਥੋਂ ਰੋਟੀ, ਰੁਜ਼ਗਾਰ ਅਤੇ ਸਿੱਖਿਆ ਦੇ ਮੌਕੇ ਖੋਹੇ ਜਾਂਦੇ ਵੀ ਵੇਖੇ ਹਨ। ਸਵਾਲ ਇਹ ਹੈ ਕਿ ਇਸ ਸਾਰੀ ਉਥਲ-ਪੁਥਲ ਦਾ ਅਸਲ ਖਮਿਆਜ਼ਾ ਕੌਣ ਭੁਗਤਦਾ ਹੈ ? ਜਵਾਬ ਸਾਫ਼ ਹੈ, ਆਮ ਲੋਕ। ਪਿਛਲੇ ਦੋ-ਤਿੰਨ ਸਾਲਾਂ ਤੋਂ ਫ਼ਲਸਤੀਨ ਅਤੇ ਇਜ਼ਰਾਈਲ ਵਿਚਾਲੇ ਚੱਲ ਰਹੇ ਟਕਰਾਅ ਨੇ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਉੱਥੇ ਵੱਡੀ ਗਿਣਤੀ ਵਿੱਚ ਬੇਗੁਨਾਹ ਲੋਕ, ਜਿਨ੍ਹਾਂ ਵਿੱਚ ਬੱਚੇ ਅਤੇ ਔਰਤਾਂ ਵੀ ਸ਼ਾਮਿਲ ਹਨ, ਇਸ ਦੀ ਭੇਟ ਚੜ੍ਹੇ ਹਨ। ਹਰ ਪਾਸੇ ਗੋਲਾ-ਬਾਰੂਦ, ਬੰਬਾਂ ਦੇ ਧਮਾਕੇ, ਢਹਿ ਚੁੱਕੀਆਂ ਸਕੂਲਾਂ ਤੇ ਹਸਪਤਾਲਾਂ ਦੀਆਂ ਇਮਾਰਤਾਂ ਨਜ਼ਰ ਆਉਂਦੇ ਹਨ। ਇਸ ਤਬਾਹੀ ਦੇ ਵਿਚਕਾਰ ਸਭ ਤੋਂ ਵੱਡੀ ਕਮੀ ਰੋਟੀ ਦੀ ਹੈ। ਜਿੱਥੇ ਬੋਰੀਆਂ, ਬਸਤਿਆਂ ਅਤੇ ਵੱਡੇ-ਵੱਡੇ ਟਰੱਕਾਂ ਵਿੱਚ ਖਾਣ-ਪੀਣ ਦੀਆਂ ਵਸਤਾਂ ਪਹੁੰਚਣੀਆਂ ਚਾਹੀਦੀਆਂ ਹਨ, ਉੱਥੇ ਹਥਿਆਰ ਅਤੇ ਗੋਲਾ-ਬਾਰੂਦ ਪਹੁੰਚ ਰਿਹਾ ਹੈ। ਸਵਾਲ ਇਹ ਹੈ ਕਿ ਕੀ ਇਨਸਾਨ ਗੋਲੇ-ਬਾਰੂਦ ਖਾ ਕੇ ਜਿਊਂਦਾ ਰਹਿ ਸਕਦਾ ਹੈ ?

ਜਿਸ ਮਨੁੱਖ ਨੂੰ ਰੋਟੀ ਦੀ ਲੋੜ ਹੈ, ਜੇਕਰ ਉਸ ਦੇ ਪੱਲੇ ਹਥਿਆਰ ਪਾ ਦਿੱਤੇ ਜਾਣ ਤਾਂ ਉਸ ਦੀ ਜ਼ਿੰਦਗੀ ਕਿਵੇਂ ਬਦਲੇਗੀ ? ਦਰਅਸਲ, ਅੱਜ ਸਾਡੇ ਸਮਾਜ ਅਤੇ ਦੁਨੀਆ ਵਿੱਚ ਕੁਝ ਅਜਿਹਾ ਹੀ ਹੋ ਰਿਹਾ ਹੈ। ਦੁਨੀਆ ਦੇ ਬਹੁਤ ਘੱਟ ਮੁਲਕ ਹੋਣਗੇ ਜਿੱਥੇ ਕਿਸੇ ਨਾ ਕਿਸੇ ਰੂਪ ਵਿੱਚ ਨ.ਫਰਤ ਜਾਂ ਹਿੰਸਾ ਦੀ ਅੱਗ ਨਾ ਫੈਲੀ ਹੋਵੇ। ਵਿਸ਼ਵ ਦੀਆਂ ਵੱਡੀਆਂ ਤਾਕਤਾਂ ਅਮਨ-ਸ਼ਾਂਤੀ ਦੀਆਂ ਗੱਲਾਂ ਤਾਂ ਕਰਦੀਆਂ ਹਨ, ਪਰ ਉਨ੍ਹਾਂ ਦੀਆਂ ਨੀਤੀਆਂ ਅਤੇ ਕਾਰਵਾਈਆਂ ਅਕਸਰ ਇਸ ਦੇ ਉਲਟ ਤਸਵੀਰ ਪੇਸ਼ ਕਰਦੀਆਂ ਹਨ। ਇਹ ਸਵਾਲ ਵੀ ਵਾਰ-ਵਾਰ ਉੱਠਦਾ ਹੈ ਕਿ ਜੰਗਾਂ ਦੇ ਪਿੱਛੇ ਅਸਲ ਕਾਰਨ ਕੀ ਹੁੰਦੇ ਹਨ ? ਕੀ ਸੱਚਮੁੱਚ ਸਿਰਫ਼ ਸਰਹੱਦਾਂ, ਵਿਚਾਰਧਾਰਾਵਾਂ ਜਾਂ ਸੁਰੱਖਿਆ ਹੀ ਇਸ ਦਾ ਕਾਰਨ ਹੈ ਜਾਂ ਫਿਰ ਇਸ ਦੇ ਪਿੱਛੇ ਤੇਲ, ਖਣਿਜ ਪਦਾਰਥ, ਕੁਦਰਤੀ ਸਰੋਤ, ਵਪਾਰਕ ਹਿੱਤ ਅਤੇ ਹਥਿਆਰਾਂ ਦਾ ਬਾਜ਼ਾਰ ਵੱਡੀ ਭੂਮਿਕਾ ਨਿਭਾਉਂਦਾ ਹੈ।

ਅਸਲ ਗੱਲ ਤਾਂ ਇਹ ਹੈ ਕਿ ਕੁਦਰਤੀ ਸਰੋਤਾਂ ਨਾਲ ਭਰਪੂਰ ਖੇਤਰਾਂ ਵਿੱਚ ਚੱਲ ਰਹੇ ਸੰਘਰਸ਼ਾਂ ਪਿੱਛੇ ਵੱਡੇ ਆਰਥਿਕ ਹਿੱਤ ਕੰਮ ਕਰਦੇ ਹਨ। ਜਦੋਂ ਕਿਸੇ ਮੁਲਕ ਵਿੱਚ ਜੰਗ ਲੱਗਦੀ ਹੈ ਤਾਂ ਆਮ ਲੋਕ ਮਰਦੇ ਹਨ, ਘਰ ਤਬਾਹ ਹੁੰਦੇ ਹਨ, ਬੱਚਿਆਂ ਦੀ ਪੜ੍ਹਾਈ ਰੁਕਦੀ ਹੈ, ਹਸਪਤਾਲ ਬੰਦ ਹੁੰਦੇ ਹਨ ਅਤੇ ਰੁਜ਼ਗਾਰ ਦੇ ਮੌਕੇ ਖ਼ਤਮ ਹੋ ਜਾਂਦੇ ਹਨ। ਹਾਲਾਂਕਿ ਹਥਿਆਰ ਬਣਾਉਣ ਅਤੇ ਵੇਚਣ ਵਾਲੀਆਂ ਕੰਪਨੀਆਂ ਲਈ ਇਹੀ ਜੰਗ ਇੱਕ ਵੱਡਾ ਬਾਜ਼ਾਰ ਬਣ ਜਾਂਦੀ ਹੈ। ਨੌਜਵਾਨਾਂ ਦੇ ਹੱਥਾਂ ਵਿੱਚ ਕਿਤਾਬ, ਕਲਮ ਅਤੇ ਰੁਜ਼ਗਾਰ ਦੀ ਥਾਂ ਜਦੋਂ ਬੰਦੂਕ ਫੜਾ ਦਿੱਤੀ ਜਾਂਦੀ ਹੈ ਤਾਂ ਕਿਸੇ ਵੀ ਮੁਲਕ ਦਾ ਭਵਿੱਖ ਹਨੇਰੇ ਵੱਲ ਚਲਾ ਜਾਂਦਾ ਹੈ। ਨੌਜਵਾਨਾਂ ਦੇ ਮਨਾਂ ਵਿੱਚ ਨ.ਫਰਤ ਭਰ ਕੇ ਉਨ੍ਹਾਂ ਨੂੰ ਆਪਣੇ ਹੀ ਲੋਕਾਂ ਵਿਰੁੱਧ ਖੜ੍ਹਾ ਕਰ ਦੇਣਾ ਮਨੁੱਖਤਾ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ। ਬੰਦੂਕ ਕਿਸੇ ਸਮੱਸਿਆ ਦਾ ਸਥਾਈ ਹੱਲ ਨਹੀਂ ਹੋ ਸਕਦੀ, ਇਹ ਸਿਰਫ਼ ਇੱਕ ਹੋਰ ਮੌਤ, ਇੱਕ ਹੋਰ ਜ਼ਖ਼ਮ ਅਤੇ ਇੱਕ ਹੋਰ ਪਰਿਵਾਰ ਦੀ ਤਬਾਹੀ ਲਿਆ ਸਕਦੀ ਹੈ।

ਪਹਿਲੀ ਅਤੇ ਦੂਜੀ ਆਲਮੀ ਜੰਗ ਦੌਰਾਨ ਦੁਨੀਆ ਨੇ ਬਹੁਤ ਕੁਝ ਦੇਖਿਆ, ਪਰ ਅ.ਫਸੋਸ ਕਿ ਜੰਗਾਂ ਤੋਂ ਕੋਈ ਸਬਕ ਨਹੀਂ ਸਿੱਖਿਆ ਗਿਆ। ਅਸੀਂ ਜਾਣਦੇ ਹਾਂ ਕਿ ਜੰਗ ਕਿਸੇ ਵੀ ਮਸਲੇ ਦਾ ਸਥਾਈ ਹੱਲ ਨਹੀਂ। ਇਸ ਦੇ ਬਾਵਜੂਦ ਛੋਟੀਆਂ-ਵੱਡੀਆਂ ਜੰਗਾਂ ਅਤੇ ਹਿੰਸਕ ਟਕਰਾਅ ਲਗਾਤਾਰ ਜ▲ਾਰੀ ਹਨ। ਭਾਰਤ ਅਤੇ ਪਾਕਿਸਤਾਨ ਵਿਚਾਲੇ ਪਿਛਲੇ ਸਾਲ ਹੋਏ .ਫੌਜੀ ਟਕਰਾਅ ਨੇ ਵੀ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਵਧਾਇਆ। ਭਾਵੇਂ ਇਹ ਟਕਰਾਅ ਬਹੁਤ ਲੰਮਾ ਨਹੀਂ ਚੱਲਿਆ, ਪਰ ਇਸ ਨੇ ਨ.ਫਰਤ ਅਤੇ ਬੇਭਰੋਸਗੀ ਦੀਆਂ ਕੰਧਾਂ ਹੋਰ ਉੱਚੀਆਂ ਕਰ ਦਿੱਤੀਆਂ। ਜੰਗ ਖ਼ਤਮ ਹੋਣ ਤੋਂ ਬਾਅਦ ਵੀ ਉਸ ਦਾ ਅਸਰ ਲੰਮੇ ਸਮੇਂ ਤੱਕ ਰਹਿੰਦਾ ਹੈ। ਲੋਕਾਂ ਨੂੰ ਅਕਸਰ ਇਹ ਪਤਾ ਵੀ ਨਹੀਂ ਹੁੰਦਾ ਕਿ ਜੰਗਾਂ ਦੀ ਅਸਲ ਜੜ੍ਹ ਕੀ ਹੈ; ਉਨ੍ਹਾਂ ਨੂੰ ਸਿਰਫ਼ ਇਹ ਦੱਸਿਆ ਜਾਂਦਾ ਹੈ ਕਿ ਦੁਸ਼ਮਣ ਕੌਣ ਹੈ ਅਤੇ ਉਸ ਨਾਲ ਲੜਨਾ ਕਿਉਂ ਜ਼ਰੂਰੀ ਹੈ ? ਪਰ ਜੇਕਰ ਅਸੀਂ ਜੰਗਾਂ ਦੇ ਪਿਛੋਕੜ ਵੱਲ ਝਾਤ ਮਾਰੀਏ ਤਾਂ ਕਈ ਵਾਰ ਸੱਤਾ, ਆਰਥਿਕ ਹਿੱਤ, ਸਰੋਤਾਂ 'ਤੇ ਕਬਜ਼ਾ ਅਤੇ ਵੋਟਾਂ ਦੀ ਸਿਆਸਤ ਵਰਗੇ ਕਾਰਕ ਵੀ ਸਾਹਮਣੇ ਆਉਂਦੇ ਹਨ।ਹਾਕਮਾਂ ਨੂੰ ਸੱਤਾ ਦੀ ਭੁੱਖ ਹੁੰਦੀ ਹੈ ਅਤੇ ਸੱਤਾ ਹਾਸਲ ਕਰਨ ਲਈ ਉਹ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦੇ ਹਨ। ਚੋਣਾਂ ਸਮੇਂ ਨ.ਫਰਤ ਅਤੇ ਡਰ ਨੂੰ ਹਵਾ ਦੇਣਾ ਸਭ ਤੋਂ ਸੁਖਾਲਾ ਸਿਆਸੀ ਹਥਿਆਰ ਬਣ ਜਾਂਦਾ ਹੈ। ਜੇਕਰ ਇਸ ਦੇ ਨਤੀਜੇ ਵਜੋਂ ਸੈਂਕੜੇ ਜਾਂ ਹਜ਼ਾਰਾਂ ਲੋਕ ਮਰ ਵੀ ਜਾਣ ਤਾਂ ਸੱਤਾ ਦੇ ਖਿਡਾਰੀਆਂ ਲਈ ਇਹ ਸਿਰਫ਼ ਇੱਕ ਅੰਕੜਾ ਹੁੰਦਾ ਹੈ। ਇਸ ਦੇ ਉਲਟ, ਅੱਜ ਦੀ ਨਵੀਂ ਪੀੜ੍ਹੀ, ਖ਼ਾਸ ਕਰਕੇ ਜੈੱਨ-ਜ਼ੀ ਕਈ ਦੇਸ਼ਾਂ ਵਿੱਚ ਰਵਾਇਤੀ ਰਾਜਨੀਤੀ ਅਤੇ ਭ੍ਰਿਸ਼ਟਾਚਾਰ ਵਿਰੁੱਧ ਆਵਾਜ਼ ਉਠਾਉਂਦੀ ਨਜ਼ਰ ਆ ਰਹੀ ਹੈ। ਨੇਪਾਲ, ਬੰਗਲਾਦੇਸ਼, ਸ੍ਰੀਲੰਕਾ ਅਤੇ ਹੋਰ ਦੇਸ਼ਾਂ ਵਿੱਚ ਉੱਠੀਆਂ ਨੌਜਵਾਨਾਂ ਦੀਆਂ ਲਹਿਰਾਂ ਨੇ ਇੱਕ ਬਹੁਤ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਕੀ ਮਹਿਜ਼ ਸੱਤਾ ਦੇ ਚਿਹਰੇ ਬਦਲਣ ਨਾਲ ਹਾਲਾਤ ਸੁਧਰ ਸਕਦੇ ਹਨ ਜਾਂ ਪੂਰੇ ਸਿਸਟਮ ਨੂੰ ਹੀ ਮੂਲੋਂ ਬਦਲਣ ਦੀ ਲੋੜ ਹੈ ? ਅੱਜ ਦਾ ਪੜ੍ਹਿਆ-ਲਿਖਿਆ ਨੌਜਵਾਨ ਰਵਾਇਤੀ ਨਾਅਰਿਆਂ ਦੇ ਝਾਂਸੇ ਵਿੱਚ ਆਉਣ ਦੀ ਬਜਾਏ ਡੂੰਘਾਈ ਨਾਲ ਇਹ ਸਮਝਣਾ ਚਾਹੁੰਦਾ ਹੈ ਕਿ ਜਮਹੂਰੀਅਤ ਅਸਲ ਵਿੱਚ ਕਿਵੇਂ ਕੰਮ ਕਰਦੀ ਹੈ, ਜਮਹੂਰੀ ਸੰਸਥਾਵਾਂ ਨੂੰ ਮਜ਼ਬੂਤ ਕਿਵੇਂ ਬਣਾਇਆ ਜਾ ਸਕਦਾ ਹੈ, ਭ੍ਰਿਸ਼ਟਾਚਾਰ ਦੀ ਜੜ੍ਹ ਨੂੰ ਕਿਵੇਂ ਕੱਟਿਆ ਜਾ ਸਕਦਾ ਹੈ ਅਤੇ ਸਿੱਖਿਆ, ਸਿਹਤ ਤੇ ਰੁਜ਼ਗਾਰ ਵਰਗੇ ਬੁਨਿਆਦੀ ਖੇਤਰਾਂ ਵਿੱਚ ਠੋਸ ਸੁਧਾਰ ਕਿਵੇਂ ਲਿਆਂਦੇ ਜਾ ਸਕਦੇ ਹਨ। ਇਹ ਨੌਜਵਾਨ ਪੀੜ੍ਹੀ ਇਸ ਸਚਾਈ ਤੋਂ ਪੂਰੀ ਤਰ੍ਹਾਂ ਜਾਣੂ ਹੈ ਕਿ ਕਿਸੇ ਵੀ ਦੇਸ਼ ਦੀ ਅਸਲ ਤਾਕਤ ਬਾਰੂਦ ਅਤੇ ਹਥਿਆਰਾਂ ਦੇ ਜ਼ਖ਼ੀਰਿਆਂ ਵਿੱਚ ਨਹੀਂ ਸਗੋਂ ਉਸ ਦੀ ਮਿਆਰੀ ਸਿੱਖਿਆ, ਮਜ਼ਬੂਤ ਸਿਹਤ ਸੇਵਾਵਾਂ, ਵਿਕਸਿਤ ਅਰਥਵਿਵਸਥਾ ਅਤੇ ਮਨੁੱਖੀ ਸਰੋਤਾਂ ਵਿੱਚ ਲੁਕੀ ਹੁੰਦੀ ਹੈ।

ਹੁਣ ਮੁੱਦੇ 'ਤੇ ਵਾਪਸ ਆਉਂਦੇ ਹਾਂ। ਭਾਰਤ ਅਤੇ ਪਾਕਿਸਤਾਨ ਵਿਚਾਲੇ ਬਣੀ ਤਲਖ਼ੀ ਕਾਰਨ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਲੈ ਕੇ ਵੀ ਸਵਾਲ ਖੜ੍ਹੇ ਹੁੰਦੇ ਰਹੇ ਹਨ। ਸੁਰੱਖਿਆ ਕਿਸੇ ਵੀ ਦੇਸ਼ ਲਈ ਸਭ ਤੋਂ ਅਹਿਮ ਮਾਮਲਾ ਹੈ, ਜਿਸ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਸਵਾਲ ਇਹ ਹੈ ਕਿ ਜੇਕਰ ਸਰਹੱਦਾਂ ਪਾਰ ਗੋਲੇ-ਬਾਰੂਦ ਅਤੇ ਬੰਬਾਂ ਦੀ ਆਵਾਜਾਈ ਹੋ ਸਕਦੀ ਹੈ ਤਾਂ ਆਮ ਲੋਕਾਂ ਵਿਚਕਾਰ ਆਲੂ, ਗੰਢੇ, ਦਾਲਾਂ, ਅਨਾਜ ਅਤੇ ਪਿਆਰ ਦੀ ਆਵਾਜਾਈ ਕਿਉਂ ਨਹੀਂ ਹੋ ਸਕਦੀ ? ਜੇਕਰ ਦੋਵਾਂ ਦੇਸ਼ਾਂ ਦੇ ਆਮ ਲੋਕ ਇੱਕ-ਦੂਜੇ ਨਾਲ ਵਪਾਰ ਕਰ ਸਕਣ, ਇੱਕ-ਦੂਜੇ ਦੇ ਸੁੱਖ-ਦੁੱਖ ਵਿੱਚ ਸ਼ਾਮਿਲ ਹੋ ਸਕਣ ਅਤੇ ਧਾਰਮਿਕ ਤੇ ਸੱਭਿਆਚਾਰਕ ਸਾਂਝ ਵਧਾ ਸਕਣ ਤਾਂ ਕੀ ਇਸ ਨਾਲ ਨ.ਫਰਤ ਘੱਟ ਨਹੀਂ ਹੋਵੇਗੀ ? ਅਸਲ ਵਿੱਚ ਦੁਨੀਆ ਨੂੰ ਅੱਜ ਗੋਲੇ-ਬਾਰੂਦ ਨਾਲੋਂ ਵੱਧ ਰੋਟੀ ਦੀ ਲੋੜ ਹੈ। ਲੋਕਾਂ ਨੂੰ ਬੰਦੂਕਾਂ ਨਾਲੋਂ ਵੱਧ ਸਕੂਲਾਂ ਦੀ ਲੋੜ ਹੈ। ਹਥਿਆਰਾਂ ਦੀਆਂ ਫੈਕਟਰੀਆਂ ਨਾਲੋਂ ਵੱਧ ਹਸਪਤਾਲਾਂ ਦੀ ਲੋੜ ਹੈ। ਜੰਗੀ ਜਹਾਜ਼ਾਂ ਨਾਲੋਂ ਵੱਧ ਰੁਜ਼ਗਾਰ ਦੇ ਮੌਕਿਆਂ ਦੀ ਲੋੜ ਹੈ। ਜੇਕਰ ਮਹਿੰਗਾਈ ਵਧਦੀ ਰਹੀ, ਮੁਲਕਾਂ 'ਤੇ ਕਰਜ਼ਾ ਚੜ੍ਹਦਾ ਰਿਹਾ ਅਤੇ ਹਥਿਆਰਾਂ 'ਤੇ ਖਰਬਾਂ ਰੁਪਏ ਖਰਚ ਹੁੰਦੇ ਰਹੇ ਤਾਂ ਆਮ ਆਦਮੀ ਦਾ ਲੱਕ ਹੋਰ ਟੁੱਟੇਗਾ। ਸਰਕਾਰੀ ਖ਼ਰਚੇ ਵਧਣਗੇ, ਲੋਕਾਂ 'ਤੇ ਟੈਕਸਾਂ ਦਾ ਬੋਝ ਵਧੇਗਾ ਅਤੇ ਵਿਕਾਸ ਦੇ ਨਾਮ 'ਤੇ ਕੀਤੇ ਜਾਣ ਵਾਲੇ ਦਾਅਵਿਆਂ ਅਤੇ ਜ਼ਮੀਨੀ ਹਕੀਕਤ ਵਿਚਕਾਰ .ਫਰਕ ਹੋਰ ਵੱਡਾ ਹੁੰਦਾ ਰਹੇਗਾ।

ਅਖ਼ਬਾਰਾਂ ਵਿੱਚ ਅਸੀਂ ਅਕਸਰ ਪੜ੍ਹਦੇ ਹਾਂ ਕਿ ਫਲਾਣੇ ਮੁਲਕ ਨੇ ਇੰਨੀ ਵੱਡੀ ਇਮਾਰਤ ਬਣਾ ਲਈ, ਇੰਨੇ ਟਾਵਰ ਖੜ੍ਹੇ ਕਰ ਦਿੱਤੇ ਜਾਂ ਇੰਨੇ ਕਰੋੜ ਰੁਪਏ ਦਾ ਨਿਵੇਸ਼ ਆ ਗਿਆ। ਪਰ ਜ਼ਮੀਨ 'ਤੇ ਕਿਸਾਨ, ਨੌਜਵਾਨ, ਬੇਰੁਜ਼ਗਾਰ, ਛੋਟਾ ਵਪਾਰੀ ਅਤੇ ਆਮ ਮੁਲਾਜ਼ਮ ਜੇਕਰ ਆਪਣੀ ਰੋਟੀ, ਸਿੱਖਿਆ, ਸਿਹਤ ਅਤੇ ਰੁਜ਼ਗਾਰ ਲਈ ਸੰਘਰਸ਼ ਕਰ ਰਿਹਾ ਹੈ ਤਾਂ ਫਿਰ ਵਿਕਾਸ ਦੀ ਪਰਿਭਾਸ਼ਾ 'ਤੇ ਸਵਾਲ ਕਰਨਾ ਵੀ ਜ਼ਰੂਰੀ ਹੈ। ਇਸ ਲਈ ਅੱਜ ਸਵਾਲ ਸਿਰਫ਼ ਭਾਰਤ ਜਾਂ ਪਾਕਿਸਤਾਨ ਦਾ ਨਹੀਂ, ਸਗੋਂ ਪੂਰੀ ਮਨੁੱਖਤਾ ਦਾ ਹੈ। ਜੇਕਰ ਨ.ਫਰਤ ਦੀ ਅੱਗ ਵਿੱਚ ਗੋਲੇ-ਬਾਰੂਦ ਵੰਡੇ ਜਾ ਸਕਦੇ ਹਨ ਤਾਂ ਭੁੱਖੇ ਢਿੱਡ ਭਰਨ ਲਈ ਅਨਾਜ ਕਿਉਂ ਨਹੀਂ ਵੰਡਿਆ ਜਾ ਸਕਦਾ ? ਜੇਕਰ ਜੰਗ ਲਈ ਸਰਹੱਦਾਂ ਖੋਲ੍ਹੀਆਂ ਜਾ ਸਕਦੀਆਂ ਹਨ ਤਾਂ ਅਮਨ ਲਈ ਦਿਲਾਂ ਦੇ ਦਰਵਾਜ਼ੇ ਕਿਉਂ ਨਹੀਂ ਖੋਲ੍ਹੇ ਜਾ ਸਕਦੇ ? ਅਸੀਂ ਕਿਸ ਦੇ ਦੁਸ਼ਮਣ ਹਾਂ, ਇੱਕ-ਦੂਜੇ ਦੇ ਜਾਂ ਆਪਣੇ ਹੀ ਭਵਿੱਖ ਦੇ ? ਜਵਾਬ ਸ਼ਾਇਦ ਸਾਡੇ ਸਾਰਿਆਂ ਕੋਲ ਹੈ। ਨ.ਫਰਤ ਦੀ ਅੱਗ ਕਿਸੇ ਇੱਕ ਘਰ ਨੂੰ ਨਹੀਂ ਸਾੜਦੀ, ਇਹ ਪੂਰੇ ਸਮਾਜ ਨੂੰ ਰਾਖ ਕਰ ਦਿੰਦੀ ਹੈ। ਇਸ ਲਈ ਅੱਜ ਲੋੜ ਹੈ ਕਿ ਗੋਲੇ-ਬਾਰੂਦ ਦੀ ਥਾਂ ਕਿਤਾਬਾਂ, ਬੰਦੂਕਾਂ ਦੀ ਥਾਂ ਰੁਜ਼ਗਾਰ, ਜੰਗ ਦੀ ਥਾਂ ਗੱਲਬਾਤ ਅਤੇ ਨ.ਫਰਤ ਦੀ ਥਾਂ ਮਨੁੱਖਤਾ ਨੂੰ ਤਰਜੀਹ ਦਿੱਤੀ ਜਾਵੇ।

ਦੇਸੀ ਟਾਈਮਜ਼

Address:
140-6, Windsor Ave.
Lachine,
QC H8R1P7

singhatthwal@gmail.com
manjeetatthwal@gmail.com
Mobile No. +1 (438) 500-6024
Office number: 514-798-1794

| | | |
|---|---|---|
| Publisher | : | Manjeet Singh Athwal |
| Managing Director | : | Manpreet Singh |
| Editor-in-Chief | : | Amarjit singh |
| Office Admin | : | Satnam Singh |
| Design by | : | MANPREET SINGH |
| Videographer | : | Navjeet Sharma |
| Photographer | : | Paul Awasthi, Nirmal Bal GKB Media |
| Arts Critic | : | Wendy Rockburn |
| Free Lance Reporter | : | Joanne Penhale |


## Publishers Note

Desi Times and people associated with it are not responsible for any claims made by the advertisers or endorse any of their products or service advertised within. The views expressed in the Desi Times don not necessarily reflect the views of the publisher and editor. Desi Times is in the business of selling space but does not test or confirm the legilmacy of the claim made in the paper. Desi Times dones promote a healthy forum for discussion of a myriad of views in peaceful civilized manner while trying to dissuade any form of discrimination and abuse.

Contribution to the growth of the paper is most appreciated and sponsors and advertisers are trained for their support. We would like to thanks all the well wishers and supporters of Desi Times for making this endeavor possible. Let us be proud of our roots, humble in our temperament and rigorous in our efforts to attain greatness in our achievements

# ਅਮਰੀਕਾ ਨੇ ਪਹਿਲੀ ਵਾਰ ਪੁਲਾੜ 'ਚ ਤਾਇਨਾਤ ਕੀਤੇ ਹਥਿਆਰ, ਇਸ ਦੇ ਕੀ ਪ੍ਰਭਾਵ ਪੈ ਸਕਦੇ ਹਨ



ਵਾਸ਼ਿੰਗਟਨ - ਅਮਰੀਕਾ ਨੇ ਧਰਤੀ ਦੀ ਕਲਾਸ (ਅਰਥ ਔਰਬਿਟ) ਵਿੱਚ 'ਪੁਲਾੜ ਹਥਿਆਰ' ਤਾਇਨਾਤ ਕਰਨ ਦੀ ਪੁਸ਼ਟੀ ਕੀਤੀ ਹੈ। ਇਹ ਪਹਿਲੀ ਵਾਰ ਹੈ ਜਦੋਂ ਅਮਰੀਕਾ ਨੇ ਇਸ ਤਰ੍ਹਾਂ ਦੀਆਂ ਹਮਲਾਵਰ ਸਮਰੱਥਾਵਾਂ ਨੂੰ ਸਵੀਕਾਰ ਕੀਤਾ ਹੈ।

ਅਮਰੀਕੀ ਏਅਰ ਫੋਰਸ ਦੇ ਸਕੱਤਰ ਟਰੌਏ ਮੀਂਕ ਨੇ ਕਿਹਾ ਕਿ ਦੁਸ਼ਮਣ 'ਤੇ ਨਜ਼ਰ ਰੱਖਣ ਲਈ ਇਹ ਹਥਿਆਰ ਜ਼ਰੂਰੀ ਹਨ।

ਸੋਮਵਾਰ ਨੂੰ ਹਵਾਈ, ਪੁਲਾੜ ਅਤੇ ਸਾਈਬਰ ਸੰਮੇਲਨ ਵਿੱਚ ਬੋਲਦਿਆਂ ਮੀਂਕ ਨੇ ਕਿਹਾ ਕਿ ਅਮਰੀਕਾ 'ਵਿਕਸਿਤ ਹੋ ਰਹੇ ਖ਼ਤਰਿਆਂ' ਲਈ ਤਿਆਰ ਹੈ।

ਪਰ ਮੀਂਕ ਨੇ ਹਥਿਆਰ ਦੀਆਂ ਸਮਰੱਥਾਵਾਂ ਜਾਂ ਇਸ ਨੂੰ ਔਰਬਿਟ ਵਿੱਚ ਕਦੋਂ ਤਾਇਨਾਤ ਕੀਤਾ ਗਿਆ ਸੀ, ਇਸ ਬਾਰੇ ਵਿਸਥਾਰ ਨਾਲ ਨਹੀਂ ਦੱਸਿਆ।

ਅਮਰੀਕਾ ਦੇ ਸੀਨੀਅਰ ਫ਼ੌਜੀ ਅਧਿਕਾਰੀ ਪਹਿਲਾਂ ਵੀ ਕਹਿ ਚੁੱਕੇ ਹਨ ਕਿ ਉਹ ਪੁਲਾੜ ਵਿੱਚ ਫੌਜੀ ਸਮਰੱਥਾਵਾਂ ਵਧਾਉਣ ਦੀ ਯੋਜਨਾ ਬਣਾ ਰਹੇ ਹਨ। ਇਨ੍ਹਾਂ ਅਧਿਕਾਰੀਆਂ ਨੇ ਭਵਿੱਖ ਵਿੱਚ ਹੋਣ ਵਾਲੇ ਸੰਘਰਸ਼ ਦੌਰਾਨ ਅਮਰੀਕੀ ਸੈਟੇਲਾਈਟਾਂ 'ਤੇ ਹਮਲਾ ਕਰਨ ਅਤੇ ਉਨ੍ਹਾਂ ਨੂੰ ਰੋਕਣ ਦੇ ਤਰੀਕੇ ਵਿਕਸਤ ਕਰਨ ਵਾਲੇ ਰੂਸੀ ਅਤੇ ਚੀਨੀ ਪ੍ਰੋਗਰਾਮਾਂ ਦਾ ਹਵਾਲਾ ਦਿੱਤਾ ਹੈ।

**ਚੀਨ ਨੇ ਕੀ ਦਿੱਤਾ ਜਵਾਬ**

ਚੀਨ ਨੇ ਮੰਗਲਵਾਰ ਨੂੰ ਪੁਲਾੜ ਵਿੱਚ 'ਹਥਿਆਰਾਂ ਦੀ ਦੌੜ' ਦੇ ਖ਼ਿਲਾਫ਼ ਚੇਤਾਵਨੀ ਦੇ ਕੇ ਇਸ ਦਾ ਜਵਾਬ ਦਿੱਤਾ ਹੈ।

ਏਐੱਫਪੀ ਨੇ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਦੇ ਹਵਾਲੇ ਨਾਲ ਕਿਹਾ, 'ਅਸੀਂ ਅਮਰੀਕੀ ਪੱਖ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣੀਆਂ ਫੌਜੀ ਸਮਰੱਥਾਵਾਂ ਦਾ ਵਿਸਥਾਰ ਕਰਨਾ ਅਤੇ ਪੁਲਾੜ ਵਿੱਚ ਜੰਗ ਦੀ ਤਿਆਰੀ ਕਰਨਾ ਬੰਦ ਕਰੇ।'

ਅਮਰੀਕੀ ਅਧਿਕਾਰੀਆਂ ਨੇ ਇਸ ਹਥਿਆਰ ਦੇ ਕੰਮ ਕਰਨ ਦੇ ਤਰੀਕੇ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ।

ਅਮਰੀਕੀ ਸਪੇਸ ਫੋਰਸ ਦੇ ਇੱਕ ਬੁਲਾਰੇ ਨੇ ਕਿਹਾ, 'ਸਪੇਸ ਕੰਟ੍ਰੋਲ ਵਿੱਚ ਪੁਲਾੜ ਖੇਤਰ ਵਿੱਚ ਮੁਕਾਬਲਾ ਕਰਨ ਅਤੇ ਇਸ 'ਤੇ ਕੰਟ੍ਰੋਲ ਹਾਸਲ ਕਰਨ ਲਈ ਜ਼ਰੂਰੀ ਮਿਸ਼ਨ ਖੇਤਰ ਸ਼ਾਮਲ ਹਨ। ਇਸ ਤਹਿਤ ਵਿਰੋਧੀ ਦੀਆਂ ਸਮਰੱਥਾਵਾਂ ਨੂੰ ਰੋਕਿਆ ਜਾਂਦਾ ਹੈ, ਉਨ੍ਹਾਂ ਨੂੰ ਕਮਜ਼ੋਰ ਕੀਤਾ ਜਾਂਦਾ ਹੈ ਅਤੇ ਲੋੜ ਪੈਣ 'ਤੇ ਨਸ਼ਟ ਵੀ ਕੀਤਾ ਜਾ ਸਕਦਾ ਹੈ।'

'ਇਨ੍ਹਾਂ ਸਮਰੱਥਾਵਾਂ ਦੀ ਵਰਤੋਂ ਲੜਾਕੂ ਕਮਾਂਡ ਦੇ ਨਿਰਦੇਸ਼ 'ਤੇ ਹਮਲਾਵਰ ਅਤੇ ਰੱਖਿਆਤਮਕ, ਦੋਵਾਂ ਉਦੇਸ਼ਾਂ ਲਈ ਕੀਤੀ ਜਾ ਸਕਦੀ ਹੈ।'

**ਮਾਹਰ ਕੀ ਕਹਿ ਰਹੇ ਹਨ**

ਪੁਲਾੜ ਦੀ ਫੌਜੀ ਵਰਤੋਂ ਦੇ ਇੱਕ ਮਾਹਰ ਨੇ ਕਿਹਾ ਕਿ ਇਸ ਤਕਨੀਕ ਬਾਰੇ ਜਨਤਕ ਤੌਰ 'ਤੇ 'ਬਹੁਤ ਘੱਟ' ਜਾਣਕਾਰੀ ਉਪਲਬਧ ਹੈ।

ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ ਕਿ ਇਸ ਵਿੱਚ 'ਵੱਖ-ਵੱਖ ਤਰ੍ਹਾਂ ਦੇ ਹਥਿਆਰ ਪ੍ਰਣਾਲੀਆਂ ਦੀ ਪੂਰੀ ਰੇਂਜ' ਹੋ ਸਕਦੀ ਹੈ।

ਰੌਇਲ ਯੂਨਾਈਟਿਡ ਸਰਵਿਸਿਜ਼ ਇੰਸਟੀਚਿਊਟ ਦੇ ਡਾ. ਬਲੇਡਿਨ ਬੋਵਨ ਨੇ ਰੇਡੀਓ 4 ਦੇ 'ਟੂਡੇ' ਪ੍ਰੋਗਰਾਮ ਵਿੱਚ ਕਿਹਾ ਕਿ ਅਮਰੀਕਾ ਸ਼ਾਇਦ 'ਕਿਸੇ ਤਰ੍ਹਾਂ ਦੇ ਇਲੈਕਟ੍ਰਾਨਿਕ ਵਾਰਫੇਅਰ ਜਾਂ ਰੇਡੀਓ ਜੈਮਿੰਗ ਪਲੇਟਫਾਰਮ' ਦੀ ਗੱਲ ਕਰ ਰਿਹਾ ਹੋਵੇ।

ਬੋਵੇਨ ਨੇ ਕਿਹਾ ਕਿ ਇਹ ਉਸ ਤਰ੍ਹਾਂ ਦਾ ਹਥਿਆਰ ਹੋਵੇਗਾ, ਜੋ ਪਹਿਲਾਂ ਤੋਂ ਧਰਤੀ 'ਤੇ ਮੌਜੂਦ ਹੈ ਅਤੇ ਰੇਡੀਓ ਸੰਚਾਰ ਵਿੱਚ ਰੁਕਾਵਟ ਪੈਦਾ ਕਰ ਸਕਦਾ ਹੈ।

ਦੂਜਾ ਬਦਲ 'ਕਿਸੇ ਤਰ੍ਹਾਂ ਦਾ ਕਾਇਨੇਟਿਕ ਕਿਲ ਵ੍ਹੀਕਲ' ਹੋ ਸਕਦਾ ਹੈ। ਭਾਵ ਅਜਿਹਾ ਵਾਹਨ, ਜੋ ਕਿਸੇ ਤਰ੍ਹਾਂ ਦੀ ਮਿਜ਼ਾਈਲ ਦਾਗੇ ਅਤੇ ਉਹ ਕਿਸੇ ਸੈਟੇਲਾਈਟ ਨਾਲ ਟਕਰਾ ਕੇ ਉਸ ਨੂੰ ਨਸ਼ਟ ਕਰ ਦੇਵੇ। ਹਾਲਾਂਕਿ, ਬੋਵਨ ਨੇ ਕਿਹਾ ਕਿ ਇਸ ਦੀ ਸੰਭਾਵਨਾ ਘੱਟ ਹੈ, ਕਿਉਂਕਿ ਅਜਿਹਾ ਹਥਿਆਰ ਵੱਡੀ ਮਾਤਰਾ ਵਿੱਚ ਮਲਬਾ ਪੈਦਾ ਕਰ ਸਕਦਾ ਹੈ। ਟਰੰਪ ਪ੍ਰਸ਼ਾਸਨ ਨੇ ਕਿਹਾ ਹੈ ਕਿ ਪੁਲਾੜ-ਅਧਾਰਿਤ ਸਮਰੱਥਾਵਾਂ ਅਤੇ ਇੰਟਰਸੈਪਟਰ ਮਿਜ਼ਾਈਲਾਂ ਅਮਰੀਕਾ ਨੂੰ ਮਿਜ਼ਾਈਲਾਂ ਅਤੇ ਹੋਰ ਹਵਾਈ ਖ਼ਤਰਿਆਂ ਤੋਂ ਬਚਾਉਣ ਲਈ ਉਸ ਦੀ 'ਗੋਲਡਨ ਡੋਮ' ਰੱਖਿਆ ਪ੍ਰਣਾਲੀ ਦਾ ਇੱਕ ਅਹਿਮ ਹਿੱਸਾ ਹਨ। ਪਿਛਲੇ ਸਾਲ ਰਾਸ਼ਟਰਪਤੀ ਡੌਨਲਡ ਟਰੰਪ ਨੇ ਇੱਕ ਕਾਰਜਕਾਰੀ ਹੁਕਮ ਜਾਰੀ ਕੀਤਾ ਸੀ, ਜਿਸ ਵਿੱਚ ਅਮਰੀਕੀ ਸਪੇਸ ਫੋਰਸ ਦੀ ਭੂਮਿਕਾ ਨੂੰ ਸਿਰਫ਼ ਪੁਲਾੜ ਵਿੱਚ ਮੌਜੂਦ ਜਾਇਦਾਦਾਂ ਦੀ ਰੱਖਿਆ ਕਰਨ ਤੱਕ ਸੀਮਤ ਨਹੀਂ ਰੱਖਿਆ ਗਿਆ ਸੀ, ਸਗੋਂ ਇਸ ਨੂੰ ਇੱਕ ਹਮਲਾਵਰ ਫੋਰਸ ਵਜੋਂ ਵੀ ਪੇਸ਼ ਕੀਤਾ ਗਿਆ ਸੀ।

ਅਮਰੀਕੀ ਸਪੇਸ ਫੋਰਸ ਦੀ ਸ਼ੁਰੂਆਤ 2019 ਵਿੱਚ ਕੀਤੀ ਗਈ ਸੀ। ਇਸ ਦਾ ਮਕਸਦ ਪੁਲਾੜ ਵਿੱਚ ਮੌਜੂਦ ਅਮਰੀਕੀ ਜਾਇਦਾਦਾਂ ਦੀ ਰੱਖਿਆ ਕਰਨਾ ਹੈ, ਜਿਨ੍ਹਾਂ ਵਿੱਚ ਸੰਚਾਰ ਅਤੇ ਨਿਗਰਾਨੀ ਲਈ ਵਰਤੇ ਜਾਣ ਵਾਲੇ ਸੈਂਕੜੇ ਸੈਟੇਲਾਈਟ ਸ਼ਾਮਲ ਹਨ।

**ਪੁਲਾੜ ਵਿੱਚ ਜੰਗ ਦਾ ਇਤਿਹਾਸ**

ਸਾਲ 1967 ਦੀ ਇੱਕ ਸੰਧੀ ਨੇ ਅਰਥ ਔਰਬਿਟ ਵਿੱਚ ਵਿਆਪਕ ਤਬਾਹੀ ਵਾਲੇ ਹਥਿਆਰਾਂ ਦੀ ਤੈਨਾਤੀ 'ਤੇ ਰੋਕ ਲਗਾ ਦਿੱਤੀ ਸੀ। ਇਸ ਤੋਂ ਬਾਅਦ ਅਮਰੀਕਾ, ਰੂਸ ਅਤੇ ਚੀਨ ਵਰਗੀਆਂ ਪ੍ਰਮੁੱਖ ਤਾਕਤਾਂ ਸੰਧੀ ਦੇ ਦਾਇਰੇ ਤੋਂ ਬਾਹਰ ਦੀਆਂ ਹੋਰ ਸਮਰੱਥਾਵਾਂ ਵਿਕਸਤ ਕਰਨ 'ਤੇ ਕੰਮ ਕਰ ਰਹੀਆਂ ਹਨ।

ਇਨ੍ਹਾਂ ਵਿੱਚ ਵਿਰੋਧੀ ਦੇਸ਼ਾਂ ਦੇ ਸੈਟੇਲਾਈਟਾਂ ਨੂੰ ਨਿਸ਼ਾਨਾ ਬਣਾਉਣਾ ਵੀ ਸ਼ਾਮਲ ਹੈ। ਇਹ ਸੈਟੇਲਾਈਟ ਫੌਜੀ ਸੰਚਾਰ, ਨਿਗਰਾਨੀ ਅਤੇ ਨੈਵੀਗੇਸ਼ਨ ਲਈ ਅਹਿਮ ਹਨ।

ਫਰਵਰੀ ਦੀ ਸ਼ੁਰੂਆਤ ਵਿੱਚ ਇਹ ਜਾਣਕਾਰੀ ਸਾਹਮਣੇ ਆਈ ਸੀ ਕਿ ਰੂਸ ਦੇ ਦੋ ਸੈਟੇਲਾਈਟਾਂ ਨੇ 2022 ਵਿੱਚ ਯੂਕਰੇਨ 'ਤੇ ਰੂਸ ਦੇ ਹਮਲੇ ਤੋਂ ਬਾਅਦ ਘੱਟੋ-ਘੱਟ ਇੱਕ ਦਰਜਨ ਯੂਰਪੀ ਸੈਟੇਲਾਈਟਾਂ ਦੇ ਸੰਚਾਰ ਨੂੰ ਸੰਭਵ ਤੌਰ 'ਤੇ ਇੰਟਰਸੈਪਟ ਕੀਤਾ ਸੀ। ਅਜਿਹਾ ਕਰਕੇ ਰੂਸੀ ਖ਼ੁਫ਼ੀਆ ਏਜੰਸੀਆਂ ਇਨ੍ਹਾਂ ਸੈਟੇਲਾਈਟਾਂ ਤੋਂ ਭੇਜੇ ਜਾ ਰਹੇ ਸੰਵੇਦਨਸ਼ੀਲ ਡੇਟਾ ਨੂੰ ਪੜ੍ਹਨ ਦੇ ਸਮਰੱਥ ਹੋਈਆਂ ਹੋਣਗੀਆਂ ਜਾਂ ਸਿਧਾਂਤਕ ਤੌਰ 'ਤੇ ਇਨ੍ਹਾਂ ਸੈਟੇਲਾਈਟਾਂ ਦਾ ਕੰਟ੍ਰੋਲ ਵੀ ਆਪਣੇ ਹੱਥ ਵਿੱਚ ਲੈ ਸਕਦੀਆਂ ਸਨ। 2024 ਵਿੱਚ ਅਮਰੀਕਾ ਨੇ ਕਿਹਾ ਸੀ ਕਿ ਰੂਸ ਨੇ ਇੱਕ ਅਜਿਹਾ ਸੈਟੇਲਾਈਟ ਲਾਂਚ ਕੀਤਾ ਹੈ, ਜਿਸ ਬਾਰੇ ਉਸ ਦਾ ਮੰਨਣਾ ਸੀ ਕਿ ਉਹ ਇਸ ਤਰ੍ਹਾਂ ਦੇ ਹੋਰ ਸੈਟੇਲਾਈਟਾਂ 'ਤੇ ਹਮਲਾ ਕਰਨ ਦੇ ਸਮਰੱਥ ਹੋ ਸਕਦਾ ਹੈ।



# ‘ਅਮਰੀਕਾ ’ਚ ਸਿੱਖ ਡਰਾਇਵਰ ’ਤੇ ਚਾਕੂ ਨਾਲ ਹਮਲੇ ਮਗਰੋਂ ਅਸੀਂ ਵਾਰ-ਵਾਰ ਦੇਖਦੇ ਹਾਂ, ਕੋਈ ਪਿੱਛਾ ਤਾਂ



ਅਸੀਂ ਜਦੋਂ ਟਰੱਕ ਲੈ ਕੇ ਨਿਕਲਦੇ ਹਾਂ ਤਾਂ ਵਾਰ-ਵਾਰ ਦੇਖਦੇ ਹਾਂ ਕਿ ਕਿਤੇ ਕੋਈ ਪਿੱਛੋਂ ਫੌਲੋ ਤਾਂ ਨਹੀਂ ਕਰ ਰਿਹਾ। ਅਸੀਂ ਆਲਾ-ਦੁਆਲਾ ਦੇਖ ਕੇ ਟਰੱਕ ਖੜਾਉਂਦੇ ਅਤੇ ਫਿਰ ਬਾਥਰੂਮ ਜਾਂਦੇ ਹਾਂ। ਇਹ ਬੋਲ ਅਮਰੀਕਾ ਵਿੱਚ ਕਈ ਦਹਾਕਿਆਂ ਤੋਂ ਟਰੱਕ ਚਲਾਉਂਦੇ ਗੁਰਿੰਦਰਜੀਤ ਸਿੰਘ ਦੇ ਹਨ। ਦਰਅਸਲ ਅਮਰੀਕਾ ਵਿੱਚ 13 ਸਤੰਬਰ ਨੂੰ ਇੱਕ ਸਿੱਖ ਡਰਾਇਵਰ ਨੂੰ ਬੁਰੇ ਤਰੀਕੇ ਨਾਲ ਜ਼ਖਮੀ ਕਰ ਦਿੱਤਾ ਗਿਆ ਸੀ।ਪੀੜਤ ਸਿੱਖ ਡਰਾਇਵਰ ਦੀ ਪਛਾਣ ਗੁਰਵਿੰਦਰ ਸਿੰਘ ਵਜੋਂ ਹੋਈ ਹੈ।



ਉਨ੍ਹਾਂ ਦੇ ਵਕੀਲ ਜਸਜੀਤ ਸਿੰਘ ਮੁਤਾਬਕ ਗੁਰਵਿੰਦਰ ਦੇ ਕਰੀਬ 17 ਵਾਰ ਚਾਕੂ ਨਾਲ ਹਮਲਾ ਕੀਤਾ ਗਿਆ। ਹਾਲਾਂਕਿ, ਪੁਲਿਸ ਨੇ ਇਸ ਹਮਲੇ ਦੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਪਰ ਪੁਲਿਸ ਦਾ ਕਹਿਣਾ ਹੈ ਕਿ ਹਮਲੇ ਦੇ ਮਕਸਦ ਬਾਰੇ ਹਾਲੇ ਤੱਕ ਪਤਾ ਨਹੀਂ ਲੱਗਾ। ਦਰਅਸਲ ਇੱਕ ਸਾਲ ਪਹਿਲਾਂ 12 ਅਗਸਤ, 2025 ਨੂੰ ਅਮਰੀਕਾ ਦੇ ਫਲੋਰੀਡਾ ਵਿੱਚ ਇੱਕ ਟਰੱਕ ਹਾਦਸੇ ਦੌਰਾਨ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ। ਇਸ ਹਾਦਸੇ ਦੀ ਡੈਸ਼ਕੈਮ ਫੁਟੇਜ ਸੋਸ਼ਲ ਮੀਡੀਆ ਉੱਤੇ ਕਾਫੀ ਵਾਇਰਲ ਹੋਈ। ਇਸ ਟਰੱਕ ਨੂੰ ਹਰਜਿੰਦਰ ਸਿੰਘ ਨਾਂ ਦਾ ਡਰਾਇਵਰ ਚਲਾ ਰਿਹਾ ਸੀ ਜਿਸ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸ ਤੋਂ ਬਾਅਦ ਅਕਤੂਬਰ 2025 ਵਿੱਚ ਇੱਕ ਹੋਰ ਟਰੱਕ ਹਾਦਸੇ ਵਿੱਚ ਤਿੰਨ ਲੋਕਾਂ ਦੀ ਮੌਤ ਹੋਈ ਸੀ ਜਿਸ ਵਿੱਚ ਟਰੱਕ ਡਰਾਇਵਰ ਜਸ਼ਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪਰ ਪਿਛਲੇ ਦਿਨੀ ਅਮਰੀਕਾ ਦੇ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ ਨੇ ’ਅਨਲਾਈਸੈਂਸਡ ਕਮਰਸ਼ਿਅਲ ਡਰਾਈਵਰਾਂ’ ਖ਼ਿਲਾਫ਼ ਮੁਹਿਮ ਬਾਰੇ ਇੱਕ ਪੋਸਟਰ ਜਾਰੀ ਕੀਤਾ ਸੀ। ਇਸ ਵਿੱਚ ’ਮਿਸਟਰ ਸਿੰਘ’ ਨਾਂ ਦੇ ਇੱਕ ਭੂਰੇ ਰੰਗ ਦੇ ਵਿਅਕਤੀ ਨੂੰ ਦਿਖਾਇਆ ਗਿਆ। ਹਾਲਾਂਕਿ ਇਸ ਉਪਰ ਵਿਵਾਦ ਹੋਣ ਤੋਂ ਬਾਅਦ ਪੋਸਟ ਨੂੰ ਹਟਾ ਲਿਆ ਗਿਆ ਸੀ। ਪਰ ਪੰਜਾਬੀ ਭਾਈਚਾਰਾ ਇਸ ਪੋਸਟਰ ਨੂੰ ਲੈ ਕੇ ਵੀ ਕਾਫੀ ਚਿੰਤਿਤ ਹੈ। ਸਵਾਲ ਹੈ ਕਿ ਪੰਜਾਬੀ ਡਰਾਇਵਰਾਂ ਖਿਲਾਫ ਇੱਕ ਬਿਰਤਾਂਤ ਚਲਾਇਆ ਜਾ ਰਿਹਾ ? ਜਾਂ ਪੰਜਾਬੀ ਡਰਾਇਵਰਾਂ ਨੂੰ ਗੈਰ-ਜ਼ਿੰਮੇਵਾਰ ਵੱਜੋਂ ਦੇਖਿਆ ਜਾ ਰਿਹਾ ?

**ਡਰਾਇਵਰਾਂ ਦੀਆਂ ਚਿੰਤਾਵਾਂ**

ਅਮਰੀਕਾ ਵਿੱਚ ਇੱਕ ਸਿੱਖ ਟਰੱਕ ਡਰਾਈਵਰ ’ਤੇ ਚਾਕੂ ਨਾਲ ਕੀਤੇ ਹਮਲੇ ਤੋਂ ਬਾਅਦ ਸਿੱਖ ਭਾਈਚਾਰਾ, ਖਾਸ ਕਰਕੇ ਪੰਜਾਬੀ ਟਰੱਕ ਡਰਾਇਵਰ ਕਾਫੀ ਚਿੰਤਿਤ ਨਜ਼ਰ ਆ ਰਹੇ ਹਨ। ਡਰਾਇਵਰ ਗੁਰਿੰਦਰਜੀਤ ਸਿੰਘ ਕਹਿੰਦੇ ਹਨ, ÷ਮੈਨੂੰ ਲੱਗਦਾ ਹੈ ਕਿ ਜਦੋਂ ਦਾ ਟਰੰਪ ਪ੍ਰਸ਼ਾਸਨ, ਉਸ ਨੇ ਪਰਵਾਸੀਆਂ ਖਿਲਾਫ ਇੱਕ ਲਹਿਰ ਖੜੀ ਕੀਤੀ ਹੈ ਕਿ ਇਹ ਲੋਕ ਸਾਡੀਆਂ ਨੌਕਰੀਆਂ ਖੋਹ ਰਹੇ ਹਨ, ਉਸ ਨਾਲ ਮਹਿਸੂਸ ਹੁੰਦਾ ਹੈ ਕਿ ਅਮਰੀਕਾ ਵਿੱਚ ਨਫ਼ਰਤ ਦੀ ਲਹਿਰ ਵਧੀ ਹੈ। ਅਸੀਂ ਜਦੋਂ ਕਦੇ ਕੋਈ ਲੋਡ ਉਤਾਰਨ ਜਾਂਦੇ ਹਾਂ, ਤਾਂ ਉੱਥੇ ਜੇਕਰ ਕੋਈ ਨਸਲੀ ਬੰਦਾ ਹੋਵੇ ਤਾਂ ਉਹ ਬਹੁਤ ਪਰੇਸ਼ਾਨ ਕਰਦਾ ਹੈ। ਦਰਅਸਲ, ਹਮਲਿਆਂ ਤੋਂ ਬਿਨਾ ਵੀ ਹੋਰ ਕਈ ਤਰੀਕਿਆਂ ਨਾਲ ਪਰੇਸ਼ਾਨ ਕੀਤਾ ਜਾਂਦਾ ਹੈ। ਜਿਵੇਂ ਭਾਵੇਂ ਕੋਈ ਪਹਿਲਾਂ ਵੀ ਗਿਆ ਹੋਵੇ, ਉਸ ਨੂੰ ਲੋਡ ਉਤਾਰਨ ਲਈ ਕਈ-ਕਈ ਘੰਟੇ ਇੰਤਜ਼ਾਰ ਕਰਵਾਇਆ ਜਾਂਦਾ ਹੈ। ਉਹ ਪਹਿਲਾਂ ਗੋਰਿਆਂ ਦੇ ਟਰੱਕ ਖਾਲੀ ਕਰਦੇ ਹਨ ਅਤੇ ਬਾਅਦ ਵਿੱਚ ਪਰਵਾਸੀਆਂ ਦਾ ਟਰੱਕ ਖਾਲੀ ਕੀਤਾ ਜਾਂਦਾ ਹੈ। ਕਈ ਵਾਰ ਬਾਥਰੂਮ ਵੀ ਵਰਤਨ ਨਹੀਂ ਦਿੱਤਾ ਜਾਂਦਾ ਹੈ। ਉਹ ਕਹਿੰਦੇ ਹਨ, ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਿਟੀ ਨੇ ਜਦੋਂ ਪਿਛਲੇ ਦਿਨੀ ਸਿੱਖ ਡਰਾਇਵਰਾਂ ਬਾਰੇ ਪੋਸਟ ਪਾਈ ਸੀ ਉਸ ਦਾ ਵੀ ਕਾਫ਼ੀ ਅਸਰ ਪਿਆ ਹੈ ਕਿਉਂਕਿ ਇਹਨਾਂ ਵੱਲੋਂ ਵਰਤੇ ਗਏ ਸ਼ਬਦਾਂ ਦਾ ਬਹੁਤ ਪ੍ਰਭਾਵ ਪੈਦਾ ਹੈ। ਹਾਲਾਂਕਿ, ਕੈਲੀਫੋਰਨੀਆਂ ਵਰਗੀਆਂ ਥਾਵਾਂ ’ਤੇ ਜ਼ਿਆਦਾ ਅਸਰ ਨਹੀਂ ਕਿਉਂਕਿ ਇੱਥੇ ਵੱਖ-ਵੱਖ ਭਾਈਚਾਰੇ ਰਹਿੰਦੇ ਹਨ ਪਰ ਬਾਹਰਲੇ ਸੂਬੇ, ਜਿੱਥੇ ਅਮਰੀਕਾ ਦੇ ਮੂਲ ਪਰਵਾਸੀਆਂ ਦੀ ਗਿਣਤੀ ਜ਼ਿਆਦਾ ਹੈ, ਉੱਥੇ ਕਈ ਤਰੀਕਿਆਂ ਨਾਲ ਤੰਗ ਕੀਤੀ ਜਾਂਦਾ ਹੈ ਜਿਵੇਂ ਟਰੱਕ ਅੱਗੇ ਲਗਾ ਕੇ ਲੰਮਾ ਸਮਾਂ ਰਾਹ ਨਾ ਦੇਣਾ ਵਗੈਰਾ।”

ਗੁਰਿੰਦਰਜੀਤ ਸਿੰਘ ਮੁਤਾਬਕ, ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਬਾਅਦ ਕਈ ਸਿੱਖ ਡਰਾਇਵਰ ਕਾਫ਼ੀ ਡਰੇ ਹੋਏ ਹਨ ਅਤੇ ਉਹ ਸੁਚੇਤ ਹੋ ਗਏ ਹਨ। ਉਹ ਅਕਸਰ ਆਲਾ-ਦੁਆਲਾ ਦੇਖ ਕੇ ਟਰੱਕ ਖੜਾਉਂਦੇ ਅਤੇ ਬਾਥਰੂਮ ਜਾਂਦੇ ਹਨ। ਉਹ ਦੇਖਦੇ ਹਨ ਕਿ ਉਨ੍ਹਾਂ ਦਾ ਕੋਈ ਪਿੱਛਾ ਤਾਂ ਨਹੀਂ ਕਰ ਰਿਹਾ। ਇਹ ਵੀ ਕੋਸ਼ਿਸ਼ ਹੁੰਦੀ ਹੈ ਕਿ ਸੁੰਨੀਆਂ ਥਾਵਾਂ ’ਤੇ ਨਾ ਖੜਿਆ ਜਾਵੇ ਅਤੇ ਚਹਿਲ-ਪਹਿਲ ਵਾਲੀਆਂ ਥਾਵਾਂ ਉੱਤੇ ਹੀ ਰੁਕਿਆ ਜਾਵੇ। ਏਪੀ ਨਾਲ ਗੱਲ ਕਰਦਿਆਂ ਟਰੱਕਿੰਗ ਉਦਯੋਗ ਨਾਲ ਜੁੜੇ ਇੱਕ ਸਿੱਖ, ਕੈਲੀਫੋਰਨੀਆ ਦੇ ਸਟਾਕਟਨ ਸਥਿਤ ’ਗਿਲਸਨ ਟਰੱਕਿੰਗ’ ਦੇ ਸੀਈਓ ਹਰਸਿਮਰਨ ਸਿੰਘ ਨੇ ਕਿਹਾ ਕਿ ਟਰੱਕ-ਡਰਾਈਵਿੰਗ ਫੋਰਮਾਂ ’ਤੇ ਸਿੱਖ-ਵਿਰੋਧੀ ਭਾਵਨਾ ਖਾਸ ਤੌਰ ’ਤੇ ਤੀਬਰ ਰਹੀ ਹੈ। ਉਨ੍ਹਾਂ ਕਿਹਾ, ਮੈਂ ਪਿਛਲੇ 25 ਤੋਂ ਵੱਧ ਸਾਲਾਂ ਤੋਂ ਇੱਥੇ ਹਾਂ। ਮੈਂ ਪਹਿਲਾਂ ਕਦੇ ਵੀ ਇਸ ਤਰ੍ਹਾਂ ਦੀ ਨਫ਼ਰਤ ਮਹਿਸੂਸ ਨਹੀਂ ਕੀਤੀ। ਸਿੱਖ ਕਾਰਕੁਨ ਅਤੇ ਵਕੀਲ ਜਸਜੀਤ ਸਿੰਘ ਕਹਿੰਦੇ ਹਨ, ਭਾਵੇਂ ਅਸੀਂ ਸਿੱਧਾ ਨਹੀਂ ਕਹਿ ਸਕਦੇ ਕਿ ਉਸ ਬੰਦੇ ਨੇ ਪੋਸਟਰ ਦੇਖ ਕੇ ਹਮਲਾ ਗੁਰਵਿੰਦਰ ਸਿੰਘ ’ਤੇ ਹਮਲਾ ਕੀਤਾ ਪਰ ਗੱਲਾਂ ਜੁੜੀਆਂ ਵੀ ਹੋ ਸਕਦੀਆਂ ਹਨ। ਇਹੋ ਜਿਹੇ ਪੋਸਟਰ ਪਾਉਣਾ ਬਹੁਤ ਜ਼ੋਖਮ ਵਾਲਾ ਕੰਮ ਹੈ। ਜਸਜੀਤ ਸਿੰਘ ਮੁਤਾਬਕ, ਆਈਸ ਨੇ ਵੀ ਸਾਡੇ ਲੋਕਾਂ ਉਪਰ ਭੀੜ ਪਾਈ ਹੋਈ ਹੈ ਅਤੇ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ। ਹੁਣ ਪੰਜਾਬੀ ਟਰੱਕ ਡਰਾਇਵਰਾਂ ਨੂੰ ਧਿਆਨ ਨਾਲ ਰਹਿਣ ਦੀ ਲੋੜ ਹੈ। ਐੱਫਬੀਆਈ ਵੱਲੋਂ ਸਾਲ 2025 ਦੇ ਨਫਰਤੀ ਹਿੰਸਾ ਦੇ ਅੰਕੜਿਆਂ ਮੁਤਾਬਕ ਅਮਰੀਕਾ ਵਿੱਚ ਹੋਏ ਕੁੱਲ ਹੇਟ ਕਰਾਈ ਵਿੱਚ ਕਰੀਬ 7 ਫੀਸਦ ਮਾਮਲੇ ਸਿੱਖਾਂ ਖਿਲਾਫ ਹੋਏ ਹਨ।

ਪੰਜਾਬੀ ਸਿੱਖ ਡਰਾਇਵਰ ’ਤੇ ਕਥਿਤ ਹਮਲੇ ਤੋਂ ਬਾਅਦ ਦੱਖਣੀ ਏਸ਼ੀਆਈ ਭਾਈਚਾਰੇ ਵਿੱਚ ਡਰ ਅਤੇ ਚਿੰਤਾ ਦਾ ਮਾਹੌਲ ਹੈ। ਏਸ਼ੀਅਨ ਅਮਰੀਕਨ ਅਤੇ ਪੈਸਿਫ਼ਕ ਆਈਲੈਂਡਰ, ਅਮਰੀਕਾ ਵਿੱਚ ਵੱਖ-ਵੱਖ ਭਾਈਚਾਰਿਆਂ ਦੀ ਇੱਕ ਸੰਸਥਾ ਹੈ। ਸਟਾਪ ਏਏਪੀਆਈ ਹੇਟ ਦੀ ਇੱਕ ਤਾਜ਼ਾ ਖੋਜ ਰਿਪੋਰਟ ਅਨੁਸਾਰ ਦੱਖਣੀ ਏਸ਼ੀਆਈ ਭਾਈਚਾਰਿਆਂ ਖਿਲਾਫ਼ ਆਨਲਾਈਨ ਅਤੇ ਗਰਾਉਂਡ, ਦੋਵਾਂ ਥਾਵਾਂ ’ਤੇ ਨਫ਼ਰਤ ਦੀਆਂ ਘਟਨਾਵਾਂ ਵਧੀਆਂ ਹਨ। ਰਿਪੋਰਟ ਮੁਤਾਬਕ, ਜਨਵਰੀ 2023 ਤੋਂ ਦਸੰਬਰ 2025 ਦੇ ਵਿਚਕਾਰ ਦੱਖਣੀ ਏਸ਼ੀਆਈ ਲੋਕਾਂ ਖ਼ਿਲਾਫ਼ ਆਨਲਾਈਨ ਵਰਤੇ ਜਾਣ ਵਾਲੇ ਅਪਮਾਨਜਨਕ ਸ਼ਬਦਾਂ ਵਿੱਚ 109 ਫ਼ੀਸਦੀ ਵਾਧਾ ਹੋਇਆ।

## ਗੁਰਵਿੰਦਰ ਸਿੰਘ ਨਾਲ ਕੀ



ਕੈਲੀਫੋਰਨੀਆ ਵਿੱਚ ਜਕਾਰਾ ਮੂਵਮੈਂਟ ਨਾਮ ਦੀ ਐਨਜੀਓ ਚਲਾਉਣ ਵਾਲੇ ਵਕੀਲ ਜਸਜੀਤ ਸਿੰਘ ਗੁਰਵਿੰਦਰ ਸਿੰਘ ਨੂੰ ਕਾਨੂੰਨੀ ਸਹਾਇਤਾ ਦੇ ਰਹੇ ਹਨ। ਵਕੀਲ ਜਸਜੀਤ ਸਿੰਘ ਮੁਤਾਬਕ, 13 ਸਤੰਬਰ ਨੂੰ ਤਕਰੀਬਨ ਸਵੇਰੇ 3:15 ਵਜੇ ਗੁਰਵਿੰਦਰ ਸਿੰਘ ਰੈਸਟ ਏਰੀਆ ਵਿੱਚ ਰੁਕਿਆ ਸੀ। ਉਹ ਕੈਲੀਫੋਰਨੀਆ ਤੋਂ ਲੋਡ ਲੈ ਕੇ ਚੱਲਿਆ ਸੀ। ਜਦੋਂ ਉਹ ਬਾਥਰੂਮ ’ਚ ਗਿਆ ਅਤੇ ਆਪਣਾ ਮੂੰਹ ਧੋ ਰਿਹਾ ਸੀ ਤਾਂ ਇੱਕਦਮ ਬੰਦੇ ਨੇ ਪਿੱਛੋਂ ਆ ਕੇ ਉਸ ਦੇ ਮੁੱਕਾ ਮਾਰਿਆ। ਗੁਰਵਿੰਦਰ ਨੇ ਉਸ ਬੰਦੇ ਨੂੰ ਪੁੱਛਣ ਦੀ ਬੜੀ ਕੋਸ਼ਿਸ਼ ਕੀਤੀ ਕਿ ਉਹ ਕੌਣ ਹੈ ? ਗੁਰਵਿੰਦਰ ਨੇ ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਅਤੇ ਫਿਰ ਉਸ ਨੇ ਚਾਕੂ ਮਾਰਨਾ ਸ਼ੁਰੂ ਕਰ ਦਿੱਤਾ ਜੋ ਕਰੀਬ 17 ਵਾਰ ਲੱਗਿਆ। ਉਸ ਦੀਆਂ ਬਾਹਵਾਂ ਅਤੇ ਛਾਤੀ ਉੱਤੇ ਵੀ ਸੱਟ ਲੱਗੀ ਹੈ। ਜਸਜੀਤ ਸਿੰਘ ਅਨੁਸਾਰ, ਜਦੋਂ ਗੁਰਵਿੰਦਰ ਕੋਸ਼ਿਸ਼ ਕਰਕੇ ਬਾਹਰ ਨਿਕਲਿਆ ਤਾਂ ਇੱਕ ਪਰਿਵਾਰ ਨੇ ਉਸ ਦੀ ਮਦਦ ਕੀਤੀ। ਇਸ ਦੌਰਾਨ ਮੁਲਜ਼ਮ ਭੱਜ ਗਿਆ ਜੋ ਖੁਦ ਵੀ ਡਰਾਇਵਰ ਹੀ ਸੀ। ਕਰੀਬ ਅੱਧੇ ਘੰਟੇ ਬਾਅਦ ਪੁਲਿਸ ਆਈ ਅਤੇ ਉਸ ਨੂੰ ਹੈਲੀਕਾਪਟਰ ਦੀ ਸਹਾਇਤਾ ਨਾਲ ਹਸਪਤਾਲ ਲਿਜਾਇਆ ਗਿਆ। ਉਹ ਕਹਿੰਦੇ ਹਨ, ਗੁਰਵਿੰਦਰ ਸਿੰਘ ਨੂੰ ਕਰੀਬ ਚਾਰ ਦਿਨਾਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਦੇ ਦਿੱਤੀ ਗਈ। ਦੂਜੇ ਪਾਸੇ ਮੁਲਜ਼ਮ ਜੇਲ੍ਹ ਵਿੱਚ ਹੈ ਅਤੇ ਇਹ ਕੇਸ ਥੋੜਾ ਲੰਮਾ ਚੱਲੇਗਾ। ਪੁਲਿਸ ਇਸ ਹਮਲੇ ਦਾ ਮਕਸਦ ਲੱਭ ਰਹੀ ਹੈ।

# ਚਾਓ ਬਾਰੇ ਦਿੱਤੇ ਬਿਆਨ ਦੇ ਗ਼ਲਤ ਅਰਥ ਕੱਢ ਕੇ ਉਸ ਨੂੰ ਚੋਣ ਸਮਰਥਨ ਮੰਨ ਲਿਆ ਗਿਆ: ਪ੍ਰੀਮੀਅਰ ਫ਼ੋਰਡ

ਓਨਟੇਰਿਓ ਪ੍ਰੀਮੀਅਰ ਡਗ ਫ਼ੋਰਡ ਵੱਲੋਂ ਟੋਰੌਂਟੋ ਦੀ ਮੇਅਰ ਓਲੀਵੀਆ ਚਾਓ ਨੂੰ ਸਮਰਥਨ ਦੇਣ ਵਾਲੀ ਗੱਲ ਕਹਿਣ ਤੋਂ ਇੱਕ ਦਿਨ ਬਾਅਦ ਉਨ੍ਹਾਂ ਦੇ ਦਫ਼ਤਰ ਨੇ ਸਪੱਸ਼ਟ ਕੀਤਾ ਹੈ ਕਿ ਉਹਨਾਂ ਦਾ ਮਤਲਬ ਕੋਈ ਅਧਿਕਾਰਤ ਚੋਣ ਸਮਰਥਨ ਨਹੀਂ ਸੀ।

ਬੁੱਧਵਾਰ ਨੂੰ ਟੋਰੌਂਟੋ ਵਿੱਚ ਇੱਕ ਨਵੇਂ ਵੈਕਸੀਨ ਪਲਾਂਟ ਦੇ ਉਦਘਾਟਨ ਮੌਕੇ ਡਗ ਫ਼ੋਰਡ ਅਤੇ ਓਲੀਵੀਆ ਚਾਓ ਇੱਕ ਸਾਂਝੀ ਪ੍ਰੈੱਸ ਕਾਨਫ਼ਰੰਸ ਵਿੱਚ ਮੌਜੂਦ ਸਨ। ਇਸ ਦੌਰਾਨ ਫ਼ੋਰਡ ਤੋਂ ਪੁੱਛਿਆ ਗਿਆ ਕਿ ਕੀ ਉਹ ਟੋਰੌਂਟੋ ਦੇ ਮੇਅਰ ਦੀ ਚੋਣ ਵਿੱਚ ਕਿਸੇ ਉਮੀਦਵਾਰ ਦਾ ਸਮਰਥਨ ਕਰ ਰਹੇ ਹਨ।




ਫ਼ੋਰਡ ਨੇ ਕਿਹਾ ਕਿ ਉਨ੍ਹਾਂ ਅਤੇ ਚਾਓ ਦੇ ਸਬੰਧ ਬੇਹੱਦ ਸ਼ਾਨਦਾਰ ਹਨ ਅਤੇ ਇਸ ਰਿਸ਼ਤੇ ਕਾਰਨ ਟੋਰੌਂਟੋ ਨੂੰ ਕਾਫ਼ੀ ਫੰਡਿੰਗ ਮਿਲੀ ਹੈ। ਉਨ੍ਹਾਂ ਕਿਹਾ ਕਿ ਅਸੀਂ ਮੇਅਰ ਦਾ ਸਮਰਥਨ ਕਰਦੇ ਰਹਾਂਗੇ, ਕਿਉਂਕਿ ਉਹ ਬੇਮਿਸਾਲ ਕੰਮ ਕਰ ਰਹੀ ਹੈ।

ਆਪਣੀ ਗੱਲ ਦੇ ਅਖੀਰ ਵਿੱਚ ਫ਼ੋਰਡ ਨੇ ਲੋਕਾਂ ਨੂੰ ਕਿਹਾ ਕਿ ਉਹ ਉਨ੍ਹਾਂ ਦੀਆਂ ਗੱਲਾਂ ਦੇ ਲੁਕੇ ਹੋਏ ਅਰਥ ਨੂੰ ਸਮਝਣ ਦੀ ਕੋਸ਼ਿਸ਼ ਕਰਨ।

ਫ਼ੋਰਡ ਦੀਆਂ ਇਨ੍ਹਾਂ ਟਿੱਪਣੀਆਂ ਨੂੰ ਵੱਡੇ ਪੱਧਰ ’ਤੇ ਓਲੀਵੀਆ ਚਾਓ ਦੇ ਹੱਕ ਵਿੱਚ ਘੱਟੋ-ਘੱਟ ਇੱਕ ਤਰ੍ਹਾਂ ਦੀ ਐਂਡੋਰਸਮੈਂਟ ਵਜੋਂ ਸਮਝਿਆ ਗਿਆ। ਚਾਓ ਦੇ ਮੁੱਖ ਵਿਰੋਧੀ ਬ੍ਰੈਡ ਬ੍ਰੈਡਫ਼ੋਰਡ ਨੇ ਵੀ ਫ਼ੋਰਡ ਦੀਆਂ ਗੱਲਾਂ ਨੂੰ ਇਸੇ ਤਰੀਕੇ ਨਾਲ ਲਿਆ।

ਪਰ ਵੀਰਵਾਰ ਨੂੰ ਫ਼ੋਰਡ ਦੇ ਦਫ਼ਤਰ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਪ੍ਰੀਮੀਅਰ ਨੇ ਚਾਓ ਦਾ ਅਧਿਕਾਰਤ ਚੋਣ ਸਮਰਥਨ ਨਹੀਂ ਕੀਤਾ ਅਤੇ ਉਹ ਟੋਰੌਂਟੋ ਦੀ ਮੇਅਰ ਦੀ ਚੋਣ ਵਿੱਚ ਕਿਸੇ ਵੀ ਉਮੀਦਵਾਰ ਦਾ ਚੋਣ-ਸਮਰਥਨ ਨਹੀਂ ਕਰਨਗੇ।

ਫ਼ੋਰਡ ਦੇ ਦਫ਼ਤਰ ਵੱਲੋਂ ਜੈਨੀਫ਼ਰ ਕਨਲਿਫ਼ ਨੇ ਜਾਰੀ ਕੀਤੇ ਬਿਆਨ ਵਿੱਚ ਕਿਹਾ, ਪ੍ਰੀਮੀਅਰ ਨੇ ਇਹ ਸਾਬਤ ਕੀਤਾ ਹੈ ਕਿ ਉਹ ਕਿਸੇ ਵੀ ਵਿਅਕਤੀ ਨਾਲ, ਭਾਵੇਂ ਉਸ ਦੀ ਸਿਆਸੀ ਸੋਚ ਜਾਂ ਪਾਰਟੀ ਕੋਈ ਵੀ ਹੋਵੇ, ਕੰਮ ਕਰਨ ਲਈ ਤਿਆਰ ਹਨ, ਤਾਂ ਜੋ ਓਨਟੇਰਿਓ ਦੇ ਲੋਕਾਂ ਦੇ ਹਿੱਤਾਂ ਨੂੰ ਅੱਗੇ ਵਧਾਇਆ ਜਾ ਸਕੇ।

ਸ਼ੁੱਕਰਵਾਰ ਸਵੇਰੇ ਨਿਊਜ਼ਟਾਕ 1010 ਪ੍ਰੋਗਰਾਮ ਦੇ ਮੇਜ਼ਬਾਨ ਅਤੇ ਟੋਰੌਂਟੋ ਦੇ ਸਾਬਕਾ ਮੇਅਰ ਜੌਨ ਟੋਰੀ ਨਾਲ ਗੱਲਬਾਤ ਕਰਦਿਆਂ ਫ਼ੋਰਡ ਨੇ ਕਿਹਾ ਕਿ ਲੋਕਾਂ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਉਨ੍ਹਾਂ ਦੀਆਂ ਗੱਲਾਂ ਦਾ ਗ਼ਲਤ ਅਰਥ ਕੱਢਿਆ।

ਜੌਨ ਟੋਰੀ ਨੇ 2023 ਵਿੱਚ ਟੋਰੌਂਟੋ ਦੇ ਮੇਅਰ ਵੱਜੋਂ ਅਸਤੀਫ਼ਾ ਦੇ ਦਿੱਤਾ ਸੀ, ਜਿਸ ਮਗਰੋਂ ਹੋਈਆਂ ਜ਼ਿਮਨੀ ਚੋਣਾਂ ਵਿਚ ਓਲੀਵੀਆ ਚਾਓ ਮੇਅਰ ਬਣੇ ਸਨ।

ਫ਼ੋਰਡ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਲੁਕੇ ਹੋਏ ਅਰਥ ਨੂੰ ਸਮਝਣ ਦੀ ਕੋਸ਼ਿਸ਼ ਕਰੋ ਕਿਹਾ ਸੀ ਤਾਂ ਉਨ੍ਹਾਂ ਦਾ ਮਤਲਬ ਇਹ ਸੁਨੇਹਾ ਦੇਣਾ ਸੀ ਕਿ ਅਸੀਂ ਮਸਲੇ ਹੱਲ ਕਰ ਲਵਾਂਗੇ ਅਤੇ ਇਸ ਸਥਿਤੀ ਵਿੱਚੋਂ ਨਿਕਲ ਜਾਵਾਂਗੇ। ਹਾਲਾਂਕਿ, ਉਨ੍ਹਾਂ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਬੁੱਧਵਾਰ ਦੀ ਗੱਲਬਾਤ ਦੇ ਸੰਦਰਭ ਵਿੱਚ ਇਸ ਸੁਨੇਹੇ ਦਾ ਅਸਲ ਮਤਲਬ ਕੀ ਸੀ।

ਫ਼ੋਰਡ ਨੇ ਕਿਹਾ, ਜਦੋਂ ਮੈਂ ਕਿਸੇ ਨੂੰ ਐਂਡੋਰਸ ਕਰਦਾ ਹਾਂ, ਜੋ ਕਿ ਮੈਂ ਨਹੀਂ ਕਰ ਰਿਹਾ, ਤਾਂ ਤੁਸੀਂ ਖੁੱਲ੍ਹ ਕੇ ਅਤੇ ਪੂਰੀ ਤਰ੍ਹਾਂ ਉਸ ਦੀ ਐਂਡੋਰਸਮੈਂਟ ਕਰਦੇ ਹੋ। ਤੁਸੀਂ ਇਹ ਨਹੀਂ ਕਹਿੰਦੇ ਕਿ ‘ਲੁਕੇ ਹੋਏ ਅਰਥ ਨੂੰ ਸਮਝਣ ਦੀ ਕੋਸ਼ਿਸ਼ ਕਰੋ।’

ਵੀਰਵਾਰ ਨੂੰ ਫ਼ੋਰਡ ਦੇ ਦਫ਼ਤਰ ਵੱਲੋਂ ਉਨ੍ਹਾਂ ਦੀਆਂ ਟਿੱਪਣੀਆਂ ਸਪੱਸ਼ਟ ਕੀਤੇ ਜਾਣ ਤੋਂ ਬਾਅਦ ਬ੍ਰੈਡ ਬ੍ਰੈਡਫ਼ੋਰਡ ਦੀ ਚੋਣ ਮੁਹਿੰਮ ਦੇ ਬੁਲਾਰੇ ਨੇ ਕਿਹਾ, ਮੇਅਰ ਵਜੋਂ ਬ੍ਰੈਡ ਦਾ ਪ੍ਰੀਮੀਅਰ ਫ਼ੋਰਡ ਨਾਲ ਇੱਕ ਉਸਾਰੂ ਰਿਸ਼ਤਾ ਹੋਵੇਗਾ। ਪ੍ਰੀਮੀਅਰ ਸਿਰਫ਼ ਓਨਟੇਰਿਓ ਦੇ ਪ੍ਰੀਮੀਅਰ ਹੀ ਨਹੀਂ ਹਨ, ਉਹ ਟੋਰੌਂਟੋ ਦੇ ਵਸਨੀਕ ਵੀ ਹਨ। ਬ੍ਰੈਡ ਨੇ ਵਚਨ ਦਿੱਤਾ ਹੈ ਕਿ ਉਹ ਸ਼ਹਿਰ ਦੀ ਵਿੱਤੀ ਹਾਲਤ ਦੀ ਲਾਈਨ-ਦਰ-ਲਾਈਨ ਸਮੀਖਿਆ ਕਰਨਗੇ, ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਸੂਬਾ ਸਰਕਾਰ ਵੱਲੋਂ ਰਿਕਾਰਡ ਪੱਧਰ ਦੀ ਫੰਡਿੰਗ ਮਿਲਣ ਦੇ ਬਾਵਜੂਦ ਓਲੀਵੀਆ ਚਾਓ ਨੇ ਟੈਕਸਾਂ ਵਿੱਚ ਲਗਭਗ 20 ਫੀਸਦੀ ਵਾਧਾ ਕਿਉਂ ਕੀਤਾ। ਅਜਿਹੀ ਸਮੀਖਿਆ ਕਰਨ ਵਾਲੇ ਆਖਰੀ ਮੇਅਰ ਰੌਬ ਫ਼ੋਰਡ ਸਨ।

# ਡਾਇਨਾ ਫ਼ੌਕਸ ਕਾਰਨੀ ਕੈਨੇਡਾ ਦੀ ਪਹਿਲੀ 'ਸਮੁੰਦਰੀ ਦੂਤ' ਨਿਯੁਕਤ



ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਪਤਨੀ ਡਾਇਨਾ ਫ਼ੌਕਸ ਕਾਰਨੀ ਹੁਣ ਸਮੁੰਦਰਾਂ ਦੀ ਸੰਭਾਲ ਨਾਲ ਜੁੜੀ ਇੱਕ ਨਵੀਂ, ਬਿਨਾਂ ਤਨਖ਼ਾਹ ਵਾਲੀ ਜ਼ਿੰਮੇਵਾਰੀ ਸੰਭਾਲਣ ਜਾ ਰਹੇ ਹਨ।

ਉਨ੍ਹਾਂ ਨੂੰ ਕੈਨੇਡਾ ਦੀ ਪਹਿਲੀ 'ਓਸ਼ਨ ਐਨਵੌਇ' ਯਾਨੀ ਸਮੁੰਦਰੀ ਦੂਤ ਨਿਯੁਕਤ ਕੀਤਾ ਗਿਆ ਹੈ।

ਸਰਕਾਰੀ ਨਿਊਜ਼ ਰਿਲੀਜ਼ ਅਨੁਸਾਰ, ਇਸ ਅਹੁਦੇ ਦੇ ਤਹਿਤ ਡਾਇਨਾ ਸਮੁੰਦਰਾਂ ਦੀ ਸੰਭਾਲ, ਕਲਾਈਮੇਟ ਐਕਸ਼ਨ, ਮੂਲਨਿਵਾਸੀ ਲੀਡਰਸ਼ਿਪ, ਆਰਥਿਕ ਮਜ਼ਬੂਤੀ ਅਤੇ ਸਮੁੰਦਰੀ ਸੁਰੱਖਿਆ ਨੂੰ ਆਪਸ ਵਿੱਚ ਜੋੜ ਕੇ ਕੈਨੇਡਾ ਦੀ ਅਗਵਾਈ ਨੂੰ ਅੱਗੇ ਵਧਾਉਣ ਲਈ ਕੰਮ ਕਰਨਗੇ।

ਡਾਇਨਾ ਫ਼ੌਕਸ ਕਾਰਨੀ ਅਗਲੇ ਸਾਲ ਹੈਲੀ.ਫ਼ੈਕਸ ਵਿੱਚ ਹੋਣ ਵਾਲੀ 12ਵੀਂ ਸਾਲਾਨਾ 'ਅਵਰ ਓਸ਼ਨ ਕਾਨ.ਫ਼ਰੰਸ' ਦੀ ਪ੍ਰਧਾਨਗੀ ਵੀ ਕਰਨਗੇ।

ਇਹ ਇੱਕ ਅੰਤਰਰਾਸ਼ਟਰੀ ਕਾਨ.ਫ਼ਰੰਸ ਹੈ, ਜਿਸ ਵਿੱਚ ਸਰਕਾਰਾਂ, ਵੱਖ-ਵੱਖ ਸੰਸਥਾਵਾਂ ਅਤੇ ਅਕਾਦਮਿਕ ਖੇਤਰ ਨਾਲ ਜੁੜੇ ਲੋਕ ਇਕੱਠੇ ਹੁੰਦੇ ਹਨ। ਇਸ ਕਾਨ.ਫ਼ਰੰਸ ਵਿੱਚ ਅੱਜ ਦੇ ਸਮੇਂ ਵਿੱਚ ਸਮੁੰਦਰਾਂ ਨਾਲ ਜੁੜੀਆਂ ਵੱਡੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ।

ਮੱਛੀ ਪਾਲਣ ਮੰਤਰੀ ਜੋਐਨ ਥੌਮਪਸਨ ਨੇ ਇੱਕ ਬਿਆਨ ਵਿੱਚ ਕਿਹਾ, 2027 ਦੀ ਕਾਨ.ਫ਼ਰੰਸ ਵਿੱਚ ਕੈਨੇਡਾ ਨੂੰ ਸਮੁੰਦਰਾਂ ਦੀ ਸੰਭਾਲ, ਟਿਕਾਊ ਮੱਛੀ ਪਾਲਣ, ਸਮੁੰਦਰੀ ਵਿਗਿਆਨ ਅਤੇ ਮੂਲਨਿਵਾਸੀ ਲੋਕਾਂ ਦੀ ਅਗਵਾਈ ਹੇਠ ਹੋ ਰਹੀ ਸੰਭਾਲ ਦੇ ਖੇਤਰਾਂ ਵਿੱਚ ਆਪਣੀ ਲੀਡਰਸ਼ਿਪ ਦਿਖਾਉਣ ਦਾ ਮੌਕਾ ਮਿਲੇਗਾ। ਮੈਂ ਕੈਨੇਡਾ ਲਈ ਇਸ ਮਹੱਤਵਪੂਰਨ ਕਾਨ.ਫ਼ਰੰਸ 'ਤੇ ਡਾਇਨਾ ਫ਼ੌਕਸ ਕਾਰਨੀ ਨਾਲ ਕੰਮ ਕਰਨ ਦੀ ਉਮੀਦ ਕਰਦੀ ਹਾਂ।

ਸਰਕਾਰ ਦੇ ਐਲਾਨ ਮੁਤਾਬਕ, ਇਹ ਕਾਨ.ਫ਼ਰੰਸ ਕੈਨੇਡਾ ਵੱਲੋਂ 2030 ਤੱਕ ਦੇਸ਼ ਦੇ 30 ਫੀਸਦੀ ਸਮੁੰਦਰੀ ਅਤੇ ਤੱਟੀ ਇਲਾਕਿਆਂ ਦੀ ਰੱਖਿਆ ਕਰਨ ਦੀ ਵਚਨਬੱਧਤਾ ਵੱਲ ਇੱਕ ਮਹੱਤਵਪੂਰਨ ਕਦਮ ਹੋਵੇਗੀ।

ਫ਼ੌਕਸ ਕਾਰਨੀ ਨੇ ਕਿਹਾ ਕਿ ਇਹ ਕਾਨ.ਫ਼ਰੰਸ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ, ਗਿਆਨ ਅਤੇ ਤਜਰਬਾ ਸਾਂਝਾ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਨਵੀਆਂ ਵਚਨਬੱਧਤਾਵਾਂ ਹਾਸਲ ਕਰਨ ਦਾ ਮੌਕਾ ਦੇਵੇਗੀ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਸਮੁੰਦਰ ਸਿਹਤਮੰਦ ਅਤੇ ਟਿਕਾਊ ਰਹਿਣ।

**ਅਰਥਸ਼ਾਸਤਰ ਅਤੇ ਵਾਤਾਵਰਣ ਮਾਹਰ**

ਡਾਇਨਾ ਫ਼ੌਕਸ ਕਾਰਨੀ ਅਤੇ ਮਾਰਕ ਕਾਰਨੀ ਦੋਵੇਂ ਔਕਸਫ਼ਰਡ ਯੂਨੀਵਰਸਿਟੀ ਵਿੱਚ ਵਿਦਿਆਰਥੀ ਰਹੇ ਹਨ। ਦੱਸਿਆ ਜਾਂਦਾ ਹੈ ਕਿ ਉੱਥੇ ਪੜ੍ਹਾਈ ਦੌਰਾਨ ਡਾਇਨਾ ਨੇ ਮਹਿਲਾ ਹਾਕੀ ਖਿਡਾਰੀਆਂ ਖ਼ ?ਲਾਫ਼ ਸ਼ਾਨਦਾਰ ਖੇਡ ਦਿਖਾ ਕੇ ਮਾਰਕ ਕਾਰਨੀ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ। ਉਸ ਸਮੇਂ ਮਾਰਕ ਕਾਰਨੀ ਔਕਸਫ਼ਰਡ ਦੀ ਪੁਰਸ਼ ਹਾਕੀ ਟੀਮ ਵਿੱਚ ਗੋਲਕੀਪਰ ਸਨ। ਹਾਲਾਂਕਿ, ਡਾਇਨਾ ਫ਼ੌਕਸ ਕਾਰਨੀ ਦੀ ਆਪਣੀ ਇੱਕ ਮਜ਼ਬੂਤ ਪੇਸ਼ੇਵਰ ਪਛਾਣ ਹੈ। ਉਹ ਅਰਥਸ਼ਾਸਤਰੀ ਅਤੇ ਵਾਤਾਵਰਣ ਸੰਬੰਧੀ ਮੁੱਦਿਆਂ 'ਤੇ ਕੰਮ ਕਰਨ ਵਾਲੀ ਮਾਹਿਰ ਵਜੋਂ ਆਪਣਾ ਕਰੀਅਰ ਬਣਾ ਚੁੱਕੇ ਹਨ। ਉਨ੍ਹਾਂ ਕੋਲ ਔਕਸਫ਼ਰਡ ਯੂਨੀਵਰਸਿਟੀ ਤੋਂ ਖੇਤੀਬਾੜੀ ਅਰਥਸ਼ਾਸਤਰ ਵਿੱਚ ਮਾਸਟਰਜ਼ ਡਿਗਰੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਯੂਨੀਵਰਸਿਟੀ ਔਫ਼ ਪੈਨਸਿਲਵੇਨੀਆ ਤੋਂ ਅੰਤਰਰਾਸ਼ਟਰੀ ਸਬੰਧਾਂ ਵਿੱਚ ਵੀ ਮਾਸਟਰਜ਼ ਡਿਗਰੀ ਕੀਤੀ ਹੈ। ਆਪਣੇ ਕਰੀਅਰ ਦੌਰਾਨ ਫ਼ੌਕਸ ਕਾਰਨੀ ਕਈ ਗੈਰ-ਮੁਨਾਫ਼ਾ ਸੰਸਥਾਵਾਂ ਦੇ ਬੋਰਡਾਂ ਵਿੱਚ ਸੇਵਾ ਨਿਭਾ ਚੁੱਕੇ ਹਨ। ਉਨ੍ਹਾਂ ਨੇ ਕੈਨੇਡਾ ਅਤੇ ਬ੍ਰਿਟੇਨ ਦੇ ਕਈ ਪ੍ਰਮੁੱਖ ਥਿੰਕ-ਟੈਂਕਾਂ ਵਿੱਚ ਵੀ ਸੀਨੀਅਰ ਅਹੁਦਿਆਂ 'ਤੇ ਕੰਮ ਕੀਤਾ ਹੈ। ਇਨ੍ਹਾਂ ਥਾਵਾਂ 'ਤੇ ਉਨ੍ਹਾਂ ਨੇ ਵਾਤਾਵਰਣ ਦੀ ਸੰਭਾਲ ਅਤੇ ਆਮਦਨ ਵਿੱਚ ਅਸਮਾਨਤਾ ਵਰਗੇ ਮੁੱਦਿਆਂ ਦੀ ਵਕਾਲਤ ਕੀਤੀ। 2013 ਵਿੱਚ ਉਹ ਉਸ ਸਮੇਂ ਵਿਵਾਦ ਵਿੱਚ ਆ ਗਏ ਸਨ, ਜਦੋਂ ਉਨ੍ਹਾਂ ਨੇ 'ਕੈਨੇਡਾ 2020' ਥਿੰਕ-ਟੈਂਕ ਲਈ ਤਿਆਰ ਕੀਤੇ ਗਏ ਇੱਕ ਪੇਪਰ ਵਿੱਚ ਯੋਗਦਾਨ ਪਾਇਆ ਸੀ। ਇਸ ਪੇਪਰ ਵਿੱਚ ਕੈਨੇਡਾ ਵਿੱਚ ਕਾਰਬਨ ਪ੍ਰਾਈਸਿੰਗ ਬਾਰੇ ਚਰਚਾ ਨੂੰ ਮੁੜ ਸ਼ੁਰੂ ਕਰਨ ਦੀ ਗੱਲ ਕੀਤੀ ਗਈ ਸੀ। 2021 ਵਿੱਚ ਫ਼ੌਕਸ ਕਾਰਨੀ ਨੇ ਯੂਰੇਸ਼ੀਆ ਗਰੁੱਪਵਿੱਚ ਸੀਨੀਅਰ ਸਲਾਹਕਾਰ ਵਜੋਂ ਨਵੀਂ ਜ਼ਿੰਮੇਵਾਰੀ ਸੰਭਾਲੀ। ਇਹ ਇੱਕ ਰਾਜਨੀਤਿਕ ਖੋਜ ਅਤੇ ਸਲਾਹਕਾਰੀ ਕੰਪਨੀ ਹੈ, ਜੋ ਦੁਨੀਆ ਭਰ ਦੇ ਕਾਰੋਬਾਰਾਂ ਅਤੇ ਸਿਆਸਤਦਾਨਾਂ ਨੂੰ ਸਲਾਹ ਦਿੰਦੀ ਹੈ।

# ਅੰਤਰਰਾਸ਼ਟਰੀ ਵਪਾਰ ਮੰਤਰੀ ਵਪਾਰਕ ਗੱਲਬਾਤ ਲਈ ਭਾਰਤ ਅਤੇ ਫ਼ਿਲੀਪੀਨਜ਼ ਦਾ ਕਰਨਗੇ ਦੌਰਾ

ਅੰਤਰਰਾਸ਼ਟਰੀ ਵਪਾਰ ਮਨਿੰਦਰ ਸਿੱਧੂ ਵਪਾਰ ਸਮਝੌਤਿਆਂ 'ਤੇ ਗੱਲਬਾਤ ਨੂੰ ਅੱਗੇ ਵਧਾਉਣ ਲਈ ਭਾਰਤ ਅਤੇ ਫ਼ਿਲੀਪੀਨਜ਼ ਜਾ ਰਹੇ ਹਨ।

ਸਿੱਧੂ ਦਾ ਕਹਿਣਾ ਹੈ ਕਿ ਉਹ ਇਸ ਹਫ਼ਤੇ ਭਾਰਤ ਵਿੱਚ ਵਪਾਰਕ ਗੱਲਬਾਤ ਦੀ ਅਗਵਾਈ ਕਰਨਗੇ, ਜਿਸ ਵਿੱਚ ਕੈਨੇਡੀਅਨ ਕਾਮਿਆਂ ਅਤੇ ਕਾਰੋਬਾਰਾਂ ਲਈ ਏਰੋਸਪੇਸ, ਆਰਟੀਫੀਸ਼ੀਅਲ ਇੰਟੈਲੀਜੈਂਸ, ਸਾਫ਼ ਊਰਜਾ ਅਤੇ ਮਹੱਤਵਪੂਰਨ ਖਣਿਜਾਂ ਵਿੱਚ ਮੌਕੇ ਪੈਦਾ ਕਰਨ ਦੀ ਉਮੀਦ ਹੈ।



ਉਹਨਾਂ ਕਿਹਾ ਕਿ ਉੱਥੇ ਰਹਿੰਦਿਆਂ, ਉਹ ਭਾਰਤੀ ਕਾਰੋਬਾਰੀ ਲੀਡਰਾਂ ਅਤੇ ਨਿਵੇਸ਼ਕਾਂ ਨਾਲ ਵੀ ਮੁਲਾਕਾਤ ਕਰਨਗੇ ਤਾਂ ਜੋ ਕੈਨੇਡਾ ਨੂੰ ਨਿਵੇਸ਼ ਦੀ ਇੱਕ ਸ਼ਾਨਦਾਰ ਜਗ ?ਹਾ ਵਜੋਂ ਪੇਸ਼ ਕੀਤਾ ਜਾ ਸਕੇ।

ਸਿੱਧੂ ਦਾ ਕਹਿਣਾ ਹੈ ਕਿ ਉਹ ASEAN ਦੇਸ਼ਾਂ ਅਤੇ ਫ਼ਿਲੀਪੀਨਜ਼ ਦੇ ਨਾਲ ਇੱਕ ਮੁਕਤ-ਵਪਾਰ ਸਮਝੌਤੇ 'ਤੇ ਗੱਲਬਾਤ ਨੂੰ ਅੱਗੇ ਵਧਾਉਣ ਦਾ ਵੀ ਇਰਾਦਾ ਰੱਖਦੇ ਹਨ।

ਉਹਨਾਂ ਦਾ ਕਹਿਣਾ ਹੈ ਕਿ ਕੈਨੇਡਾ ਦੇ ਗ਼ੈਰ-ਅਮਰੀਕੀ ਨਿਰਯਾਤ ਪਿਛਲੇ ਸਾਲ ਵਿੱਚ 17 ਪ੍ਰਤੀਸ਼ਤ, ਜਾਂ £33 ਬਿਲੀਅਨ ਵਧੇ ਹਨ। ਸਿੱਧੂ ਦਾ ਕਹਿਣਾ ਹੈ ਕਿ ਕੈਨੇਡਾ ਨੇ ਪਿਛਲੇ ਸਾਲ ਪੰਜ ਮਹਾਂਦੀਪਾਂ ਵਿੱਚ 20 ਤੋਂ ਵੱਧ ਵਪਾਰ ਅਤੇ ਸੁਰੱਖਿਆ ਸੌਦਿਆਂ 'ਤੇ ਵੀ ਦਸਤਖ਼ਤ ਕੀਤੇ ਹਨ। ਉਹਨਾਂ ਦੱਸਿਆ ਕਿ ਕੈਨੇਡਾ ਥਾਈਲੈਂਡ, ਕਤਰ, ਮਰਕੋਸਰ ਵਪਾਰਕ ਬਲਾਕ ਅਤੇ ਤੁਰਕੀ ਨਾਲ ਵਪਾਰਕ ਗੱਲਬਾਤ ਨੂੰ ਅੱਗੇ ਵਧਾਉਣ ਲਈ ਵੀ ਕੰਮ ਕਰ ਰਿਹਾ ਹੈ।

# ਹੈਲੀ.ਫ਼ੈਕਸ ਨੇੜੇ ਨਵਜੰਮੇ ਬੱਚੇ ਦੀ ਮੌਤ ਦੇ ਮਾਮਲੇ ਵਿੱਚ ਮੁਲਜ਼ਮ ਲੜਕੀ ਨੂੰ ਜ਼ਮਾਨਤ ਮਿਲੀ

ਹੈਲੀ.ਫ਼ੈਕਸ ਦੇ ਇੱਕ ਜੰਗਲੀ ਇਲਾਕੇ ਵਿੱਚ ਨਵਜੰਮੇ ਬੱਚੇ ਦੀ ਲਾਸ਼ ਮਿਲਣ ਦੇ ਮਾਮਲੇ ਵਿਚ ਚਾਰਜ ਹੋਈ ਲੜਕੀ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ।

27 ਸਾਲਾ ਰਮਨਦੀਪ ਕੌਰ ਨੇ ਵੀਰਵਾਰ ਸਵੇਰੇ ਹੈਲੀ.ਫ਼ੈਕਸ ਦੀ ਸੂਬਾਈ ਅਦਾਲਤ ਵਿੱਚ ਪੇਸ਼ ਹੋ ਕੇ ਜ਼ਮਾਨਤ 'ਤੇ ਰਿਹਾਈ ਦੀ ਮੰਗ ਕੀਤੀ ਸੀ। ਰਮਨਦੀਪ ਨੇ ਇੱਕ ਪੰਜਾਬੀ ਦੁਭਾਸ਼ੀਏ ਦੀ ਮਦਦ ਨਾਲ ਅਦਾਲਤੀ ਕਾਰਵਾਈ ਵਿੱਚ ਹਿੱਸਾ ਲਿਆ। ਜੱਜ ਮਾਰਕ ਚਿਸਹੋਮ ਨੇ ਰਮਨਦੀਪ ਕੌਰ ਨੂੰ ਕੁਝ ਸ਼ਰਤਾਂ ਤਹਿਤ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ। ਇਨ੍ਹਾਂ ਸ਼ਰਤਾਂ ਮੁਤਾਬਕ ਉਹ ਹੈਲੀ.ਫ਼ੈਕਸ ਵਿੱਚ ਆਪਣੇ ਜ਼ਮਾਨਤੀ ਵਿਅਕਤੀ (surety) ਦੇ ਨਾਲ ਦਿੱਤੇ ਗਏ ਪਤੇ 'ਤੇ ਰਹੇਗੀ, ਨੋਵਾ ਸਕੋਸ਼ੀਆ ਤੋਂ ਬਾਹਰ ਨਹੀਂ ਜਾਵੇਗੀ, ਹਰ ਹਫ਼ਤੇ ਖੁਦ ਹੈਲੀ.ਫ਼ੈਕਸ ਰੀਜਨਲ ਪੁਲਿਸ ਕੋਲ ਰਿਪੋਰਟ ਕਰੇਗੀ ਅਤੇ ਜਦੋਂ ਅਦਾਲਤ ਵੱਲੋਂ ਕਿਹਾ ਜਾਵੇਗਾ ਤਾਂ ਅਦਾਲਤ ਵਿੱਚ ਹਾਜ਼ਰ ਹੋਵੇਗੀ। ਉਸ ਨੂੰ ਆਪਣਾ ਪਾਸਪੋਰਟ ਅਤੇ ਭਾਰਤੀ ਰਾਸ਼ਟਰੀ ਪਛਾਣ ਪੱਤਰ ਵੀ ਜਮ ?ਹਾਂ ਕਰਵਾਉਣਾ ਪਵੇਗਾ। ਅਦਾਲਤ ਨੇ ਰਮਨਦੀਪ ਕੌਰ ਅਤੇ ਉਸ ਦੇ ਜ਼ਮਾਨਤੀ, ਦੋਵਾਂ ਲਈ 1,000 ਡਾਲਰ ਦੀ ਸ਼ਰਤ ਵੀ ਲਗਾਈ ਹੈ, ਮਤਲਬ ਜੇਕਰ ਜ਼ਮਾਨਤ ਦੀਆਂ ਸ਼ਰਤਾਂ ਦੀ ਉਲੰਘਣਾ ਹੁੰਦੀ ਹੈ ਤਾਂ ਨਿਰਧਾਰਤ ਰਕਮ ਅਦਾ ਕਰਨ ਦੀ ਜ਼ਿੰਮੇਵਾਰੀ ਹੋਵੇਗੀ।

ਇਹ ਸਾਰੀਆਂ ਸ਼ਰਤਾਂ ਕ੍ਰਾਊਨ ਵਕੀਲ ਕੈਵਿਨ ਨਾਈਟਿੰਗੇਲ ਅਤੇ ਰਮਨਦੀਪ ਕੌਰ ਦੇ ਵਕੀਲ ਟ ?ਰੈਵਰ ਮੈਕਗੀਗਨ ਵਿਚਕਾਰ ਸਹਿਮਤੀ ਨਾਲ ਤੈਅ ਹੋਈਆਂ।

ਰਮਨਦੀਪ ਕੌਰ ਅਤੇ ਉਸ ਦੇ ਪਤੀ 24 ਸਾਲਾ ਸੁਖਪ੍ਰੀਤ ਸਿੰਘ 'ਤੇ ਬੱਚੇ ਦੀ ਲਾਸ਼ ਨੂੰ ਇਸ ਇਰਾਦੇ ਨਾਲ ਟਿਕਾਣੇ ਲਗਾਉਣ ਦਾ ਦੋਸ਼ ਹੈ ਕਿ ਬੱਚੇ ਦੇ ਜਨਮ ਲੈਣ ਦੀ ਗੱਲ ਲੁਕਾਈ ਜਾ ਸਕੇ। ਦੋਵਾਂ 'ਤੇ ਪੁਲਿਸ ਅਧਿਕਾਰੀ ਸਮੇਤ ਹੋਰ ਲੋਕਾਂ ਨਾਲ ਝੂਠ ਬੋਲ ਕੇ ਜਾਂਚ ਵਿੱਚ ਰੁਕਾਵਟ ਪਾਉਣ ਦੇ ਦੋ ਮਾਮਲੇ ਅਤੇ ਮ੍ਰਿਤਕ ਦੇਹ ਨਾਲ ਬੇਅਦਬੀ ਕਰਨ ਦਾ ਵੀ ਦੋਸ਼ ਹੈ।

22 ਮਈ ਨੂੰ 23 ਸਾਲ ਦੀ ਇੱਕ ਲੜਕੀ, ਜਿਸ ਨੇ ਹਾਲ ਹੀ ਵਿੱਚ ਬੱਚੇ ਨੂੰ ਜਨਮ ਦਿੱਤਾ ਸੀ, ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਪਰ ਉਸ ਸਮੇਂ ਬੱਚਾ ਉਸ ਦੇ ਨਾਲ ਨਹੀਂ ਸੀ।




# ਭਾਰਤ ਦੀ ਜੀਡੀਪੀ ਗ੍ਰੋਥ ਵਿੱਚ ਆਈ ਮਜ਼ਬੂਤੀ ’ਤੇ ਸਵਾਲ ਕਿਉਂ ਉਠ ਰਹੇ ਹਨ, ਸਰਕਾਰ ਨੇ ਇਨ੍ਹਾਂ ਸਵਾਲਾਂ ਦਾ ਕੀ



ਇਸ ਵਿੱਤੀ ਵਰ੍ਹੇ ਦੀ ਪਹਿਲੀ ਤਿਮਾਹੀ ਵਿੱਚ ਭਾਰਤ ਦੀ ਜੀਡੀਪੀ ਦੀ ਵਾਧਾ ਦਰ 7.8 ਫ਼ੀਸਦੀ ਰਹੀ। ਇਹ ਪਿਛਲੇ ਸਾਲ ਦੀ ਪਹਿਲੀ ਤਿਮਾਹੀ ਵਿੱਚ ਦਰਜ 6.9 ਫ਼ੀਸਦੀ ਤੋਂ ਜ਼ਿਆਦਾ ਹੈ। ਹਾਲਾਂਕਿ ਇਹ ਇਸ ਸਾਲ ਜਨਵਰੀ-ਮਾਰਚ ਤਿਮਾਹੀ ਵਿੱਚ ਦਰਜ ਵਾਧਾ ਦਰ 8.6 ਫੀਸਦੀ ਤੋਂ ਘੱਟ ਹੈ। ਇਹ ਅੰਕੜੇ ਇਸੇ ਹਫਤੇ ਸੋਮਵਾਰ ਨੂੰ ਸਰਕਾਰ ਨੇ ਜਾਰੀ ਕੀਤੇ ਸਨ। ਕਿਹਾ ਜਾ ਰਿਹਾ ਹੈ ਕਿ ਇਸ ਵਿੱਚ ਮੈਨਿਓਫੈਕਚਰਿੰਗ ਅਤੇ ਸਰਵਿਸਜ਼ ਸੈਕਟਰ ਦੀ ਅਹਿਮ ਭੂਮਿਕਾ ਰਹੀ। ਪਹਿਲੀ ਤਿਮਾਹੀ ਵਿੱਚ ਵਾਧਾ ਦਰ ਬਲੂਮਬਰਗ ਦੇ ਸਰਵੇ ਵਿੱਚ 7.3 ਫ਼ੀਸਦੀ ਦੇ ਔਸਤ ਅਨੁਮਾਨ ਅਤੇ ਭਾਰਤੀ ਰਿਜ਼ਰਵ ਬੈਂਕ ਦੇ 7 ਫ਼ੀਸਦੀ ਦੇ ਅਨੁਮਾਨ ਜ਼ਿਆਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਵਾਧੇ ਨੂੰ ਬਹੁਤ ਵੱਡੀ ਉਪਲਬਧੀ ਦੱਸਿਆ। ਉਨ੍ਹਾਂ ਨੇ ਐਕਸ ’ਤੇ ਇੱਕ ਪੋਸਟ ਵਿਚ ਕਿਹਾ ਕਿ ਤੇਲ ਦੀਆਂ ਕੀਮਤਾਂ ਦੇ ਝਟਕੇ, ਸਪਲਾਈ ਚੇਨ ਵਿੱਚ ਰੁਕਾਵਟਾਂ ਅਤੇ ਗਲੋਬਲ ਅਨਿਸ਼ਚਿਤਤਾ ਦੇ ਬਾਵਜੂਦ ਭਾਰਤ ਨੇ ਇਹ ਪ੍ਰਦਰਸ਼ਨ ਕੀਤਾ ਹੈ ਭਾਰਤ ਆਟੋਮੋਬਾਈਲ ਅਤੇ ਮੋਬਾਈਲ ਫੋਨ ਤੋਂ ਲੈ ਕੇ ਫਾਰਮਾਸਿਉਟਕਲ, ਕੈਮੀਕਲਸ ਅਤੇ ਸਟੀਲ ਤੱਕ ਸਭ ਕੁਝ ਬਣਾਉਂਦਾ ਹੈ ਅਤੇ ਹੁਣ ਸੈਮੀਕੰਡਕਟਰ ਇੰਡਸਟਰੀ ਨੂੰ ਵੀ ਵੱਡੇ ਪੈਮਾਨੇ ’ਤੇ ਵਿਕਸਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਅਰਥਵਿਵਸਥਾ ਵਿੱਚ ਮੈਨਿਉਫੈਕਚਰਿੰਗ ਸੈਕਟਰ ਦੀ ਹਿੱਸੇਦਾਰੀ 17 ਫ਼ੀਸਦੀ ਹੈ ਜੋ ਪੀਐੱਮ ਮੋਦੀ ਦੇ 25 ਫ਼ੀਸਦੀ ਦੇ ਟੀਚੇ ਤੋਂ ਹੁਣ ਵੀ ਘੱਟ ਹੈ। ਬਲੂਮਬਰਗ ਨੇ ਆਪਣੀ ਰਿਪੋਰਟ ਵਿੱਚ ਲਿਖਿਆ ਹੈ, ÷ ਜੂਨ ਤਿਮਾਹੀ ਦਾ ਪ੍ਰਦਰਸ਼ਨ ਏਸ਼ੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਨੂੰ ਮਾਰਚ 2027 ਤੱਕ ਦੇ 12 ਮਹੀਨਿਆਂ ਵਿੱਚ 7 ਫ਼ੀਸਦੀ ਤੋਂ ਜਿਆਦਾ ਦੀ ਵਾਧਾ ਦਰ ਹਾਸਿਲ ਕਰਨ ਦੀ ਰਾਹ ’ਤੇ ਵੀ ਲੈ ਜਾਂਦਾ ਹੈ। ਇਹ ਪ੍ਰਦਰਸ਼ਨ ਮਜ਼ਬੂਤ ਹੈ ਪਰ 2047 ਤੱਕ ਵਿਕਸਿਤ ਰਾਸ਼ਟਰ ਬਣਨ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੁਫ਼ਨੇ ਨੂੰ ਪੂਰਾ ਕਰਨ ਲਈ ਭਾਰਤ ਨੂੰ ਇਸ ਤੋਂ ਵੀ ਤੇਜ਼ ਗਤੀ ਤੋਂ ਵਿਸਥਾਰ ਕਰਨਾ ਹੋਏਗਾ ਜ਼ੀਡੀਪੀ ਵਿੱਚ ਤੇਜ਼ ਵਾਧੇ ਵਿਚਕਾਰ ਭਾਰਤ ਦਾ ਚਾਲੂ ਖਾਤਾ ਘਾਟਾ ਯਾਨੀ ਕਰੰਟ ਅਕਾਊਂਟ ਡੈਫਿਸਿਟ ਵਿੱਤੀ ਸਾਲ 2026-27 ਦੀ ਪਹਿਲੀ ਤਿਮਾਹੀ ਵਿੱਚ ਵਧ ਕੇ 4.2 ਅਰਬ ਡਾਲਰ, ਯਾਨੀ ਜੀਡੀਪੀ ਦਾ 0.5% ਹੋ ਗਿਆ ਹੈ। ਇੱਕ ਸਾਲ ਪਹਿਲਾਂ ਇਸੇ ਤਿਮਾਹੀ ਵਿੱਚ ਇਹ 3.4 ਅਰਬ ਡਾਲਰ ਯਾਨੀ ਜੀਡੀਪੀ ਦਾ 0.4 ਫੀਸਦੀ ਸੀ।

**ਜੀਡੀਪੀ ਦੇ ਅੰਕੜੇ ਉੱਤੇ ਕੀ ਸ਼ੱਕ ਜ਼ਾਹਿਰ ਕੀਤਾ ਗਿਆ**

ਵਿਰੋਧੀ ਦਲਾਂ ਨੇ 7.8 ਦੀ ਜੀਡੀਪੀ ਵਾਧੇ ਦੇ ਅੰਕੜਿਆਂ ’ਤੇ ਸ਼ੱਕ ਜਤਾਇਆ ਹੈ। ਰਾਜ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਐਕਸ ’ਤੇ ਕਿਹਾ, ਬੇਰੁਜ਼ਗਾਰੀ 50 ਸਾਲ ਦੇ ਉੱਚ ਪੱਧਰ ’ਤੇ ਹੈ। 40 ਫ਼ੀਸਦੀ ਨੌਜਵਾਨ ਗ੍ਰੈਜੂਏਟ ਬੇਰੁਜ਼ਗਾਰ ਹਨ। ਜੁਲਾਈ 2026 ਵਿੱਚ 15 ਤੋਂ 29 ਸਾਲ ਦੀ ਉਮਰ ਦਾ ਹਰ 6 ਵਿੱਚੋਂ 1 ਨੌਜਵਾਨ ਬੇਰੁਜ਼ਗਾਰ ਸੀ। ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਬਿਖਰ ਚੁੱਕਿਆ ਹੈ। ਉਨ੍ਹਾਂ ਨੇ ਕਿਹਾ ਕਿ ਖੁਦਰਾ ਮਹਿੰਗਾਈ 19 ਮਹੀਨਿਆਂ ਦੇ ਉਪਰਲੇ ਪੱਧਰ ’ਤੇ ਹੈ ਅਤੇ ਖੰਡ, ਪਿਆਜ਼, ਟਮਾਟਰ, ਦਾਲ, ਖਾਣਾ ਪਕਾਉਣ ਦੇ ਤੇਲ, ਚਾਵਲ, ਦੁੱਧ ਅਤੇ ਰਸੋਈ ਵਿੱਚ ਇਸਤੇਮਾਲ ਹੋਣ ਵਾਲੀ ਹਰ ਜ਼ਰੂਰੀ ਚੀਜ਼ ਦੀ ਕੀਮਤਾਂ ਅੱਗ ਦੀ ਤਰ੍ਹਾਂ ਵਧ ਰਹੀਆਂ ਹਨ। ਮੋਦੀ ਸਰਕਾਰ ਦੇ ਦੂਜੇ ਕਾਰਜਕਾਲ ਵਿੱਚ ਵਿੱਤੀ ਸਕੱਤਰ ਰਹੇ ਸੁਭਾਸ਼ ਚੰਦਰ ਗਰਗ ਨੇ ਵੀ ਜੀਡੀਪੀ ਦੇ ਅੰਕੜਿਆਂ ’ਤੇ ਸਵਾਲ ਚੁੱਕਿਆ ਹੈ। ਐਨਡੀਟੀਵੀ ਦੇ ਇੱਕ ਪ੍ਰੋਗਰਾਮ ਵਿੱਚ ਉਨ੍ਹਾਂ ਨੇ ਕਿਹਾ ਕਿ 7.8 ਫ਼ੀਸਦੀ ਪਹਿਲੀ ਨਜ਼ਰ ਵਿੱਚ ਪ੍ਰਭਾਵਸ਼ਾਲੀ ਲਗਦਾ ਹੈ, ਪਰ ਸਾਨੂੰ ਇਸ ਦੀ ਅਸਲੀਅਤ ਵਿੱਚ ਜਾਣਾ ਚਾਹੀਦਾ ਹੈ। ਗਰਗ ਨੇ ਕਿਹਾ, ਪਿਛਲੇ ਸਾਲ ਪਹਿਲੀ ਤਿਮਾਹੀ ਵਿੱਚ ਜੀਡੀਪੀ ਵਾਧਾ ਵੀ 7.8 ਫ਼ੀਸਦੀ ਸੀ ਅਤੇ ਇਸ ਸਾਲ ਲਈ ਵੀ ਉਹੀ ਦਾਅਵਾ ਕੀਤਾ ਜਾ ਰਿਹਾ ਹੈ। ਪਰ ਪਿਛਲੇ ਸਾਲ ਦੀ ਜੀਡੀਪੀ ਨੂੰ ਸੋਧ ਕਰਕੇ 6.9 ਫ਼ੀਸਦੀ ਕਰ ਦਿੱਤਾ ਗਿਆ ਸੀ। ਸੋਧੇ ਹੋਏ ਅੰਕੜਿਆਂ ਦੇ ਹਿਸਾਬ ਨਾਲ ਇਸ ਸਾਲ ਦੀ ਪਹਿਲੀ ਤਿਮਾਹੀ ਦੀ ਵਾਧਾ ਦਰ ਉੱਤੇ ਦਿਸਦੀ ਹੈ। ਪਰ ਪੂਰੀ ਗੱਲ ਸਿਰਫ਼ ਇੰਨੀ ਨਹੀਂ ਹੈ। ਉਨ੍ਹਾਂ ਕਿਹਾ, ÷7.8 ਫ਼ੀਸਦੀ ਵਾਲੀ ਜੀਡੀਪੀ ਵਿੱਚ ਮਹਿੰਗਾਈ ਦੇ ਪ੍ਰਭਾਵ ਨੂੰ ਹਟਾ ਦਿੱਤਾ ਗਿਆ ਹੈ। ਜੀਡੀਪੀ ਦੀ ਗਣਨਾ ਅਸਲ ਵਿੱਚ ਮੌਜੂਦਾ ਕੀਮਤਾਂ ’ਤੇ ਕੀਤੀ ਜਾਂਦੀ ਹੈ। ਉਹ ਕੀਮਤਾਂ ਜੋ ਤੁਸੀਂ ਅਤੇ ਅਸੀਂ ਚੁਕਾਉਂਦੇ ਹਾਂ ਅਤੇ ਜੋ ਕਾਰਪੋਰੇਟ ਕੰਪਨੀਆਂ ਵਸੂਲਦੀਆਂ ਹਨ। ਇਸ ਲਈ ਮੌਜੂਦਾ ਕੀਮਤਾਂ ’ਤੇ ਜੀਡੀਪੀ ਹੀ ਜੀਡੀਪੀ ਨੂੰ ਦੇਖਣ ਦਾ ਅਸਲ ਤਰੀਕਾ ਹੈ। ਮੈਂ ਇੱਕ ਸੰਖਿਆ ਵੱਲ ਧਿਆਨ ਦਵਾਉਣਾ ਚਾਹੂੰਗਾ, ਜਿਸ ਨੂੰ ਮੈਨੂੰ ਲਗਦਾ ਹੈ ਕਿ ਹੁਣ ਤੱਕ ਹਰ ਕੋਈ ਨਜ਼ਰ ਅੰਦਾਜ਼ ਕਰ ਰਿਹਾ ਹੈ। ਪਿਛਲੇ ਸਾਲ ਮੌਜੂਦਾ ਕੀਮਤਾਂ ’ਤੇ ਜੀਡੀਪੀ 86 ਟ੍ਰਿਲੀਅਨ ਰੁਪਏ ਸੀ। ਇਸ ਨੂੰ ਹੁਣ ਸੋਧ ਕਰਕੇ 80 ਟ੍ਰਿਲੀਅਨ ਰੁਪਏ ਕਰ ਦਿੱਤਾ ਗਿਆ ਹੈ। ਗਰਗ ਨੇ ਕਿਹਾ, ÷ਮੈਂ ਕਹਿ ਰਿਹਾ ਹਾਂ ਕਿ ਪਿਛਲੇ ਸਾਲ ਦੀ ਜੀਡੀਪੀ ਨੂੰ ਪੂਰੇ ਛੇ ਟ੍ਰਿਲੀਅਨ ਰੁਪਏ ਤੱਕ ਹੇਠਾਂ ਸੋਧੇ ਜਾਣ ਕਾਰਨ ਇਸ ਸਾਲ ਪਹਿਲੀ ਤਿਮਾਹੀ ਦੀ ਜੀਡੀਪੀ ਲਗਭਗ 10.3 ਫ਼ੀਸਦੀ ਵਧੀ ਹੋਈ ਦਿਸ ਰਹੀ ਹੈ। ਜੇ ਪਿਛਲੇ ਸਾਲ ਦੀ ਜੀਡੀਪੀ ਨੂੰ ਸੋਧਿਆ ਨਾ ਗਿਆ ਹੁੰਦਾ ਤਾਂ ਮੌਜੂਦਾ ਕੀਮਤਾਂ ’ਤੇ ਵਾਧਾ ਸਿਰਫ਼ 2.6 ਫ਼ੀਸਦੀ ਹੁੰਦਾ। ਗਰਗ ਦਾ ਇਲਜ਼ਾਮ ਹੈ ਕਿ ਭਾਰਤ ਦੇ ਜੀਡੀਪੀ ਵਾਧੇ ਨੂੰ ਪਿਛਲੇ ਸਾਲ ਦੇ ਨੌਮੀਨਲ ਜੀਡੀਪੀ ਬੇਸ ਵਿਚ ਕੀਤੀ ਗਈ ਵੱਡੀ ਗਿਰਾਵਟ ਤੋਂ ਵਧਾ ਚੜ੍ਹ ਕੇ ਦਿਖਾਇਆ ਗਿਆ ਹੈ।

ਦਾਅਵਿਆਂ ਮੁਤਾਬਕ, ਪਿਛਲੇ ਸਾਲ ਦੀ ਪਹਿਲੀ ਤਿਮਾਹੀ ਵਿੱਚ ਮੌਜੂਦਾ ਕੀਮਤਾਂ ’ਤੇ ਜੀਡੀਪੀ ਨੂੰ ਲਗਭਗ 86 ਟ੍ਰਿਲੀਅਨ ਰੁਪਏ ਤੋਂ ਘਟਾ ਕੇ 80 ਟ੍ਰਿਲੀਅਨ ਰੁਪਏ ਕਰ ਦਿੱਤਾ ਗਿਆ। ਇਸ ਦੇ ਨਤੀਜੇ ਵਜੋਂ, ਮੌਜੂਦਾ ਸਾਲ ਦਾ ਲਗਭਗ 88 ਟ੍ਰਿਲੀਅਨ ਰੁਪਏ ਦਾ ਉਤਪਾਦਨ ਕਰੀਬ 10.3 ਫ਼ੀਸਦੀ ਦਾ ਵਾਧਾ ਦਰਸਾਉਂਦਾ ਹੋਇਆ ਦਿਖਾਈ ਦਿੰਦਾ ਹੈ, ਜਦਕਿ ਪੁਰਾਣੇ ਬੇਸ ਦੇ ਅਧਾਰ ’ਤੇ ਵਾਧਾ ਲਗਭਗ 2.6 ਹੁੰਦਾ। ਗਰਗ ਨੇ ਸਰਕਾਰ ਦੇ ਅੰਕੜਿਆਂ ’ਤੇ ਸ਼ੱਕ ਕਿਉਂ ਹੈ ? ਇਸ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ, ÷ਪਿਛਲੇ ਸਾਲ ਦੇ ਅੰਕੜੇ ਵੀ ਸਰਕਾਰ ਦੇ ਹੀ ਸੀ ਅਤੇ ਇਸ ਸਾਲ ਦੇ ਅੰਕੜੇ ਵੀ ਸਰਕਾਰ ਦੇ ਹੀ ਹਨ। ਪਿਛਲੇ ਸਾਲ ਇਸੇ ਸਰਕਾਰ ਨੇ ਕਿਹਾ ਸੀ ਕਿ ਪਹਿਲੀ ਤਿਮਾਹੀ ਵਿੱਚ ਮੌਜੂਦਾ ਕੀਮਤਾਂ ’ਤੇ ਜੀਡੀਪੀ 86 ਟ੍ਰਿਲੀਅਨ ਰੁਪਏ ਸੀ। ਇਸ ਸਾਲ ਉਸ ਨੂੰ ਸੋਧ ਕਰਕੇ 80 ਟ੍ਰਿਲੀਅਨ ਰੁਪਏ ਕਰ ਦਿੱਤਾ ਗਿਆ ਹੈ। ਇਸ ਨੂੰ ਇਸ ਸਾਲ ਦੇ 88 ਟ੍ਰਿਲੀਅਨ ਰੁਪਏ ਨੂੰ 2.6 ਫ਼ੀਸਦੀ ਦਾ ਵਾਧਾ ਦਿਖਾਇਆ ਜਾ ਸਕਦਾ ਹੈ। ਗਰਗ ਨੇ ਕਿਹਾ, ÷ਜੇ ਤੁਸੀਂ ਪਿਛਲੇ ਸਾਲ ਦੇ ਸਰਕਾਰੀ ਅੰਕੜਿਆਂ ਨਾਲ ਤੁਲਨਾ ਕਰੋ ਤਾਂ ਸਿਰਫ਼ ਦੋ ਤਿੰਨ ਖੇਤਰਾਂ ਵਿਚ ਵਾਧਾ ਹੋਇਆ ਹੈ- ਖੇਤੀ ਅਤੇ ਖਨਨ ਵਿੱਚ। ਪਿਛਲੇ ਸਾਲ ਦੀ ਮੌਜੂਦਾ ਕੀਮਤਾਂ ਵਾਲੀ ਜੀਡੀਪੀ ਦੇ ਅੰਕੜਿਆਂ ਨਾਲ ਤੁਲਨਾ ਕਰੋ ਤਾਂ ਮੈਨਿਉਫੈਕਚਰਿੰਗ ਅਸਲ ਵਿਚ ਨਕਰਾਤਮਕ ਹੈ। ਮੇਰਾ ਮੰਨਣਾ ਹੈ ਕਿ ਸਾਨੂੰ ਜ਼ਿਆਦਾ ਗਹਿਰਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ ਕਿ ਸਰਕਾਰ ਨੇ ਮੌਜੂਦਾ ਕੀਮਤਾਂ ਵਾਲੀ ਜੀਡੀਪੀ ਨੂੰ ਇੰਨੀ ਭਾਰੀ ਮਾਤਰਾ ਵਿੱਚ ਥੱਲੇ ਸੋਧਿਆ ਕਿਉਂ ਗਿਆ।

**ਸਰਕਾਰ ਨੇ ਬਦਲਿਆ ਸੀ ਅਧਾਰ ਸਾਲ**

ਜੀਡੀਪੀ ਵਾਧਾ ਦਰ ਨਾਲ ਭਾਰਤ ਦੀ ਅਰਥਵਿਵਸਥਾ ਦੀ ਮਜ਼ਬੂਤੀ ਦੇ ਸਬੰਧ ਨੂੰ ਲੈ ਕੇ ਸਵਾਲ ਅਕਸਰ ਉਠਦੇ ਰਹਿੰਦੇ ਹਨ। ਪਿਛਲੇ ਸਾਲ ਫ਼ਰਵਰੀ ਵਿੱਚ ਸਰਕਾਰ ਨੇ ਨਵੀਂ ਜੀਡੀਪੀ ਸੀਰੀਜ਼ ਦਾ ਐਲਾਨ ਕੀਤਾ ਸੀ। ਇਸ ਤਹਿਤ 2022-23 ਨੂੰ ਅਧਾਰ ਸਾਲ ਬਣਾਇਆ ਗਿਆ ਸੀ। 27 ਫ਼ਰਵਰੀ 2026 ਨੂੰ ਵਿੱਤੀ ਵਰ੍ਹੇ 2022-23, 2023-24 ਅਤੇ 2024-25 ਲਈ ਜੀਡੀਪੀ ਅਨੁਮਾਨਾਂ ਅਤੇ ਇਸ ਨਾਲ ਜੁੜੇ ਹੋਰ ਅੰਕੜਿਆਂ ਦੀ ਨਵੀਂ ਸੀਰੀਜ਼ ’ਤੇ ਇੱਕ ਪ੍ਰੈੱਸ ਨੋਟ ਜਾਰੀ ਕੀਤਾ ਗਿਆ ਸੀ। ਇਸ ਤਹਿਤ ਸਰਕਾਰ ਨੇ 2011-12 ਦੇ ਪੁਰਾਣੇ ਅਧਾਰ ਸਾਲ ਨੂੰ ਬਦਲ ਦਿੱਤਾ ਸੀ। ਅਧਾਰ ਸਾਲ ਉਨ੍ਹਾਂ ਕੀਮਤਾਂ, ਪ੍ਰੋਡਕਸ਼ਨ ਸਟ ?ਰਕਚਰ ਅਤੇ ਖ਼ਰਚੇ ਦੇ ਪੈਟਰਨ ਲਈ ਇੱਕ ਬੈਂਚਮਾਰਕ ਉਪਲਬਧ ਕਰਾਉਂਦਾ ਹੈ ਜਿਨ੍ਹਾਂ ਦਾ ਇਸਤੇਮਾਲ ਸਮੇਂ ਦੇ ਨਾਲ ਉਤਪਾਦਨ ਦੀ ਤੁਲਨਾ ਕਰਨ ਲਈ ਕੀਤਾ ਜਾਂਦਾ ਹੈ। ਅਧਾਰ ਸਾਲ ਨੂੰ ਅਪਡੇਟ ਕਰਨਾ ਵੀ ਜ਼ਰੂਰੀ ਮੰਨਿਆ ਜਾਂਦਾ ਹੈ ਕਿਉਂਕਿ ਅਰਥਵਿਵਸਥਾ ਬਦਲਦੀ ਰਹਿੰਦੀ ਹੈ। ਭਾਰਤ ਇਸ ਤੋਂ ਪਹਿਲਾਂ 2004-05 ਅਤੇ 1999-2000 ਨੂੰ ਅਧਾਰ ਸਾਲ ਵਜੋਂ ਇਸਤੇਮਾਲ ਕਰ ਚੁੱਕਾ ਹੈ। ਅਜ਼ਾਦੀ ਤੋਂ ਬਾਅਦ ਇਹ ਅੱਠਵੀਂ ਅਜਿਹੀ ਸੋਧ ਸੀ। ਜ਼ਿਆਦਾ ਵਿਕਸਿਤ ਅਰਥਵਿਵਸਥਾਵਾਂ ਦੇ ਉਲਟ, ਭਾਰਤ ਵਿੱਚ ਆਰਥਿਕ ਗਤੀਵਿਧੀਆਂ ਦਾ ਇੱਕ ਵੱਡਾ ਹਿੱਸਾ ਅਣ-ਉਪਚਾਰਿਕ ਖੇਤਰ ਵਿੱਚ ਹੁੰਦਾ ਹੈ। ਅਧਿਕਾਰਕ ਟੈਕਸ ਰਿਕਾਰਡ ਉਨ੍ਹਾਂ ਛੋਟੇ ਕਾਰੋਬਾਰਾਂ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਦਿੰਦੇ ਜੋ ਰਵਾਇਤੀ ਰੂਪ ਵਿੱਚ ਟੈਕਸ ਨਹੀਂ ਦਿੰਦੇ ਰਹੇ ਹਨ। ਪਿਛਲੇ ਸਾਲ ਦਸੰਬਰ ਵਿੱਚ ਅਰਥ ਸ਼ਾਸਤਰੀ ਅਰੁਣ ਕੁਮਾਰ ਨੇ ਵੀ ਭਾਰਤ ਦੇ ਅਧਿਕਾਰਕ ਜੀਡੀਪੀ ਵਾਧਾ ਦਰ ਦੀ ਭਰੋਸੇਯੋਗਤਾ ’ਤੇ ਸਵਾਲ ਚੁੱਕੇ ਸੀ। ਉਨ੍ਹਾਂ ਦਾ ਤਰਕ ਸੀ ਕਿ ਅਧਿਕਾਰਕ ਅਨੁਮਾਨ ਉਪਚਾਰਕ ਖੇਤਰ ਦੇ ਸੰਕੇਤਕਾਂ ’ਤੇ ਲੋੜ ਤੋਂ ਜ਼ਿਆਦਾ ਨਿਰਭਰ ਕਰਦੇ ਹਨ ਜਦਕਿ ਦੇਸ਼ ਦੀ ਕਿਤੇ ਵੱਡੀ ਅਣ-ਉਪਚਾਰਿਕ ਅਰਥਵਿਵਸਥਾ ਨੂੰ ਲੋੜੀਂਦੇ ਰੂਪ ਵਿੱਚ ਮਾਪ ਨਹੀਂ ਪਾਉਂਦੇ। ਪ੍ਰੋਫੈਸਰ ਅਰੁਣ ਕੁਮਾਰ ਨੇ ਕਿਹਾ, ਸੀ, ÷ਪਿਛਲੇ ਸਾਲ ਜੁਲਾਈ-ਸਤੰਬਰ ਤਿਮਾਹੀ ਵਿੱਚ 8.2 ਅਸਲ ਜੀਡੀਪੀ ਵਾਧਾ ਦਰਜ ਕੀਤਾ ਗਿਆ ਜੋ ਕਰੀਬ 18 ਮਹੀਨਿਆਂ ਵਿੱਚ ਸਭ ਤੋਂ ਜ਼ਿਆਦਾ ਸੀ। ਪਰ ਦੂਜੇ ਸੰਕੇਤਕ ਕਿਤੇ ਕਮਜ਼ੋਰ ਤਸਵੀਰ ਦਿਖਾ ਰਹੇ ਸੀ। ਅਕਤੂਬਰ ਵਿੱਚ ਉਦਯੋਗਿਕ ਵਾਧਾ ਸਿਰਫ਼ 0.3 ਫ਼ੀਸਦੀ ਰਿਹਾ, ਬੇਰੁਜ਼ਗਾਰੀ ਚਿੰਤਾ ਦਾ ਵਿਸ਼ਾ ਬਣੀ ਰਹੀ, ਨਿਵੇਸ਼ ਦੀਆਂ ਕਈ ਯੋਜਨਾਵਾਂ ਕਥਿਤ ਤੌਰ ’ਤੇ ਅਟਕ ਗਈਆਂ ਜਾਂ ਵਾਪਸ ਲੈ ਲਈਆਂ ਗਈਆਂ ਅਤੇ ਨੈੱਟ ਐਫਡੀਓ ਨਕਰਾਤਮਕ ਹੋ ਗਿਆ।

## ਭਾਰਤ ’ਚ ਅਗਲੇ ਕੁਝ ਮਹੀਨਿਆਂ ’ਚ ਆਵੇਗਾ ਪ੍ਰਲੈ ਵਰਗਾ ਮੌਸਮ

ਨਵੀਂ ਦਿੱਲੀ: 180 ਤੋਂ ਵੀ ਵੱਧ ਵਿਗਿਆਨੀਆਂ ਨੇ ਸਾਲ 2026-27 ’ਚ ਇੱਕ ਸ਼ਕਤੀਸ਼ਾਲੀ ਐਲ-ਨੀਨੋ ਦੇ ਆਉਣ ਦੀ ਗੰਭੀਰ ਚਿਤਾਵਨੀ ਦਿੱਤੀ ਹੈ। ਵਿਗਿਆਨੀਆਂ ਅਨੁਸਾਰ ਇਸ ਵਾਰ ਪ੍ਰਸ਼ਾਂਤ ਮਹਾਂਸਾਗਰ ’ਚ ਸਮੁੰਦਰ ਦਾ ਤਾਪਮਾਨ ਅਸਾਧਾਰਨ ਰੂਪ ’ਚ ਵੱਧ ਰਿਹਾ ਹੈ ਜਿਸ ਕਰ ਕੇ ਆਉਣ ਵਾਲੇ ਮਹੀਨਿਆਂ ’ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਖੋਜਕਰਤਾਵਾਂ ਨੂੰ ਖ਼ਦਸ਼ਾ ਹੈ ਕਿ ਨਵੰਬਰ 2026 ਤੋਂ ਲੈ ਕੇ ਅਗਲੇ ਸਾਲ ਤਕ ਭਾਰਤ ਦੇ ਕਈ ਹਿੱਸਿਆਂ ’ਚ ਆਮ ਨਾਲੋਂ ਵਧੇਰੇ ਗਰਮੀ ਅਤੇ ਸੁੱਕਾ ਮੌਸਮ ਦੇਖਣ ਨੂੰ ਮਿਲ ਸਕਦਾ ਹੈ।

ਬਾਰਿਸ਼ ਘੱਟ ਹੋਣ ਕਾਰਨ ਪਾਣੀ ਦੀ ਕਮੀ ਵੱਧ ਸਕਦੀ ਹੈ ਜਿਸ ਦਾ ਸਿੱਧਾ ਅਸਰ ਖੇਤੀਬਾੜੀ, ਜੰਗਲਾਂ ਅਤੇ ਪਸ਼ੂ ਪਾਲਣ ’ਤੇ ਪਵੇਗਾ। ਕਿਸਾਨਾਂ, ਮਾਹੀਗੀਰਾਂ ਅਤੇ ਪਸ਼ੂ ਪਾਲਕਾਂ ਲਈ ਆਉਣ ਵਾਲਾ ਸਮਾਂ ਚੁਣੌਤੀਪੂਰਣ ਹੋ ਸਕਦਾ ਹੈ, ਖ਼ਾਸ ਕਰ ਕੇ ਪਹਾੜੀ ਇਲਾਕਿਆਂ ’ਚ ਘਾਹ ਦੀ ਘਾਟ ਕਾਰਨ ਚਾਰੇ ਦਾ ਸੰਕਟ ਪੈਦਾ ਹੋ ਸਕਦਾ ਹੈ। ਲਗਾਤਾਰ ਗਰਮੀ ਅਤੇ ਪਾਣੀ ਦੀ ਘਾਟ ਕਾਰਨ ਜੰਗਲਾਂ ’ਚ ਅੱਗ ਲੱਗਣ ਦਾ ਖ਼ਤਰਾ ਵੱਧ ਜਾਵੇਗਾ ਜਿਸ ਨਾਲ ਰੁੱਖਾਂ-ਪੌਦਿਆਂ ਤੋਂ ਇਲਾਵਾ ਪੰਛੀਆਂ ਅਤੇ ਹੋਰ ਜੰਗਲੀ ਜੀਵਾਂ ਨੂੰ ਭਾਰੀ ਨੁਕਸਾਨ ਪਹੁੰਚ ਸਕਦਾ ਹੈ। ਮੌਸਮ ’ਚ ਅਚਾਨਕ ਬਦਲਾਅ ਆਉਣ ਨਾਲ ਜਾਨਵਰਾਂ ਦੇ ਭੋਜਨ, ਪ੍ਰਜਣਨ ਚੱਕਰ ਅਤੇ ਰਹਿਣ ਦੀ ਥਾਂ ’ਤੇ ਅਸਰ ਪਵੇਗਾ, ਜਿਸ ਨਾਲ ਪੂਰੀ ਭੋਜਨ ਲੜੀ ਪ੍ਰਭਾਵਿਤ ਹੋਣ ਦਾ ਖ਼ਤਰਾ ਹੈ।

## ਸੀਚੇਵਾਲ ਦੇ ਯਤਨਾਂ ਸਦਕਾ ਵਿਦੇਸ਼ ’ਚ ਫ਼ਸੇ ਦੋ ਪੰਜਾਬੀ ਘਰ ਪਰਤੇ

ਫ਼ਗਵਾੜਾ: ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਅਤੇ ਵਿਦੇਸ਼ ਮੰਤਰਾਲੇ ਨਾਲ ਲਗਾਤਾਰ ਰਾਬਤੇ ਤੋਂ ਬਾਅਦ ਵਿਦੇਸ਼ ’ਚ ਲੰਮੇ ਸਮੇਂ ਤੋਂ ਫ਼ਸੇ ਦੋ ਪੰਜਾਬੀ ਨੌਜਵਾਨ ਸਹੀ-ਸਲਾਮਤ ਆਪਣੇ ਘਰ ਪਰਤ ਆਏ ਹਨ। ਤਰਨ-ਤਾਰਨ ਜ਼ਿਲ੍ਹੇ ਨਾਲ ਸਬੰਧਤ ਰਾਜਿੰਦਰਪਾਲ ਸਿੰਘ ਲਗਭਗ ਤਿੰਨ ਸਾਲਾਂ ਦੀ ਮਾਨਸਿਕ ਅਤੇ ਸ਼ਰੀਰਕ ਪੀੜਾ ਭੋਗਣ ਤੋਂ ਬਾਅਦ 31 ਅਗਸਤ ਨੂੰ ਭਾਰਤ ਪੁੱਜਿਆ ਜਦੋਂ ਕਿ ਅੰਮ੍ਰਿਤਸਰ ਦਾ ਜਸਬੀਰ ਸਿੰਘ 8 ਮਹੀਨਿਆਂ ਬਾਅਦ 3 ਸਤੰਬਰ ਨੂੰ ਸੁੱਖੀ-ਸਾਂਦੀ ਘਰ ਪਹੁੰਚ ਗਿਆ।ਰਾਜਿੰਦਰਪਾਲ ਸਿੰਘ ਦੀ ਵਾਪਸੀ ਨਾਲ ਉਸ ਦੇ ਪਰਿਵਾਰ ਦੇ ਲੰਮੇ ਇੰਤਜ਼ਾਰ ਦਾ ਖ਼ਤਮ ਹੋਇਆ ਹੈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦਸੰਬਰ ਮਹੀਨੇ ’ਚ ਸੰਤ ਸੀਚੇਵਾਲ ਨਾਲ ਮੁਲਾਕਾਤ ਕਰਕੇ ਮਦਦ ਦੀ ਗੁਹਾਰ ਲਗਾਈ ਸੀ। ਰਾਜਿੰਦਰਪਾਲ ਨੇ ਆਪਣੀ ਸਜ਼ਾ ਪੂਰੀ ਕਰ ਲਈ ਸੀ, ਪਰ ਕਾਗਜ਼ਾਂ ’ਚ ਰੁਕਾਵਟਾਂ ਕਾਰਨ ਉਸ ਨੂੰ ਵਾਪਿਸ ਨਹੀਂ ਆਉਣ ਦਿੱਤਾ ਜਾ ਰਿਹਾ ਸੀ। ਇੱਥੋਂ ਤਕ ਕਿ ਇੱਕ ਵਾਰ ਜਹਾਜ਼ ਚੜ੍ਹਨ ਸਮੇਂ ਵੀ ਉਸ ਨੂੰ ਏਅਰਪੋਰਟ ਤੋਂ ਵਾਪਿਸ ਜੇਲ੍ਹ ਭੇਜ ਦਿੱਤਾ ਗਿਆ ਸੀ। ਇਸ ਦੌਰਾਨ ਪਰਿਵਾਰ ’ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਜਦੋਂ ਉਸ ਦੇ ਇੱਕ ਭਰਾ ਦੀ ਭਾਰਤ ’ਚ ਮੌਤ ਹੋ ਗਈ।ਸਾਊਦੀ ਅਰਬ ਤੋਂ ਭਾਰਤ ਪਰਤਣ ਤੋਂ ਬਾਅਦ ਰਾਜਿੰਦਰਪਾਲ ਸਿੰਘ ਨੇ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਨਤਮਸਤਕ ਹੋ ਕੇ ਸੰਤ ਸੀਚੇਵਾਲ ਦਾ ਧੰਨਵਾਦ ਕੀਤਾ ਅਤੇ ਆਪਣੀ ਹੱਡ-ਬੀਤੀ ਸਾਂਝੀ ਕੀਤੀ। ਉਸ ਨੇ ਦੱਸਿਆ ਕਿ ਉਹ ਕੰਪਨੀ ਦੇ ਟਰੱਕਾਂ ਨਾਲ ਸਬੰਧਤ ਇੱਕ ਮਾਮਲੇ ’ਚ ਬੇਗੁਨਾਹ ਹੁੰਦੇ ਹੋਏ ਵੀ ਜੇਲ੍ਹ ’ਚ ਬੰਦ ਰਿਹਾ। ਰਾਜਿੰਦਰਪਾਲ ਨੇ ਦਾਅਵਾ ਕੀਤਾ ਕਿ ਅਜੇ ਵੀ ਉੱਥੇ ਸੈਂਕੜੇ ਭਾਰਤੀ ਫ਼ਸੇ ਹੋਏ ਹਨ ਜਿਨ੍ਹਾਂ ਦੀ ਪੈਰਵੀਂ ਕਰਨ ਵਾਲਾ ਕੋਈ ਨਹੀਂ ਹੈ। ਸੰਤ ਸੀਚੇਵਾਲ ਦੇ ਦਫ਼ਤਰ ਵਲੋਂ ਭਾਰਤੀ ਦੂਤਾਵਾਸ ਅਤੇ ਵਿਦੇਸ਼ ਮੰਤਰਾਲੇ ਨਾਲ ਲਗਾਤਾਰ ਕੀਤੀ ਚਿੱਠੀ-ਪੱਤਰ ਤੋਂ ਬਾਅਦ ਹੀ ਇਹ ਵਾਪਸੀ ਸੰਭਵ ਹੋ ਸਕੀ।ਦੂਜੇ ਪਾਸੇ ਅੰਮ੍ਰਿਤਸਰ ਦੇ ਜਸਬੀਰ ਸਿੰਘ ਦੇ ਪਰਿਵਾਰ ਨੇ ਵੀ ਜਨਵਰੀ ਮਹੀਨੇ ਸੰਤ ਸੀਚੇਵਾਲ ਤਕ ਪਹੁੰਚ ਕੀਤੀ ਸੀ। ਲਗਾਤਾਰ ਕੋਸ਼ਿਸ਼ਾਂ ਤੋਂ ਬਾਅਦ ਜਸਬੀਰ ਦੀ ਵਾਪਸੀ ਨਾਲ ਉਸ ਦੇ ਪਰਿਵਾਰ ਨੇ ਸੁੱਖ ਦਾ ਸਾਹ ਲਿਆ ਹੈ। ਇਸ ਮੌਕੇ ਸੰਤ ਸੀਚੇਵਾਲ ਨੇ ਪੰਜਾਬ ਦੇ ਨੌਜਵਾਨਾਂ ਅਤੇ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਵਿਦੇਸ਼ ਜਾਣ ਵੇਲੇ ਏਜੰਟਾਂ ਦੀ ਪੂਰੀ ਪੜਤਾਲ ਕਰਨ ਅਤੇ ਕਾਨੂੰਨੀ ਰਸਤਾ ਹੀ ਅਖ਼ਤਿਆਰ ਕਰਨ ਤਾਂ ਜੋ ਅਜਿਹੀਆਂ ਮੁਸੀਬਤਾਂ ਤੋਂ ਬਚਿਆ ਜਾ ਸਕੇ। ਵਤਨ ਪਰਤਣ ਤੋਂ ਬਾਅਦ ਰਾਜਿੰਦਰਪਾਲ ਸਿੰਘ ਨੇ ਸਬੰਧਤ ਦੇਸ਼ ’ਚ ਸਥਿਤ ਭਾਰਤੀ ਦੂਤਾਵਾਸ ਦੀ ਕਾਰਜਪ੍ਰਣਾਲੀ ’ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਉਸ ਨੇ ਦੋਸ਼ ਲਗਾਇਆ ਕਿ ਉੱਥੇ ਫ਼ਸੇ ਭਾਰਤੀਆਂ ਦੀ ਬਿਨਾਂ ਸਿਫ਼ਾਰਸ਼ ਤੋਂ ਕੋਈ ਸੁਣਵਾਈ ਨਹੀਂ ਹੁੰਦੀ ਅਤੇ ਵਾਪਸੀ ਦੇ ਨਾਂ ’ਤੇ ਪੈਸਿਆਂ ਦੀ ਮੰਗ ਕੀਤੀ ਜਾਂਦੀ ਹੈ। ਰਾਜਿੰਦਰਪਾਲ ਨੇ ਭਾਰਤ ਸਰਕਾਰ ਤੋਂ ਦੂਤਾਵਾਸ ਦੇ ਰਵੱਈਏ ਦੀ ਉੱਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

# ਬੱਚਿਆਂ ਵਿੱਚ ਵਧ ਰਹੀ ਹਮਲਾਵਰਤਾ ਇਕ ਵੱਡੀ ਚੁਣੌਤੀ

**ਹਰਪ੍ਰੀਤ ਸਿੰਘ ਬਰਾੜ**

ਇੰਟਰਨੈੱਟ ਦੀ ਦੁਨੀਆਂ ਨੇ ਬੱਚਿਆਂ ਅਤੇ ਨੌਜੁਆਨਾ ਦੀ ਮਨੋਦਸ਼ਾ ਨੂੰ ਹਮਲਾਵਰ ਬਣਾ ਦਿੱਤਾ ਹੈ। ਕੌੜਾ ਸੱਚ ਇਹ ਵੀ ਹੈ ਕਿ ਪਰਿਵਾਰਾਂ 'ਚ ਬਜ਼ੁਰਗਾਂ ਦੀ ਅਹਿਮੀਅਤ ਖਤਮ ਜਿਹੀ ਹੋ ਗਈ ਹੈ। ਛੋਟੇ ਪਰਿਵਾਰਾਂ ਤੋਂ ਬਾਦ ਬਣੇ ਕੰਮਕਾਜੀ ਇਕੱਲੇ ਪਰਿਵਾਰਾਂ 'ਚ ਮਾਂ ਬਾਪ ਵੀ ਹੁਣ ਬੱਚਿਆਂ ਦੇ ਬਚਪਨ ਤੋਂ ਗਾਇਬ ਹੋ ਰਹੇ ਹਨ। ਅਜਿਹੇ ਇਕੱਲੇ ਵਾਤਾਵਰਨ 'ਚ ਬੱਚੇ ਆਪਣੇ ਮਨੋਰੰਜਨ ਦੀਆਂ ਚੀਜਾਂ ਦੀ ਚੋਣ ਦੇ ਲਈ ਅਜਾਦ ਹੋ ਗਏ ਹਨ। ਇੰਟਰਨੈੱਟ ਦੀ ਦੁਨੀਆਂ ਨੇ ਬੱਚਿਆਂ ਅਤੇ ਨੌਜੁਆਨਾਂ ਦੇ ਮਨਾਂ ਨੂੰ ਉੱਤੇਜਿੱਤ ਬਣਾ ਦਿੱਤਾ ਹੈ। ਇਸ ਸੰਦਰਭ ਨੂੰ ਪ੍ਰਮਾਣ ਦੇਣ ਵਾਲੀਆਂ ਘਟਨਾਵਾਂ ਅਕਸਰ ਦੇਖਣ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ। ਮੋਬਾਇਲ, ਇੰਟਰਨੈੱਟ ਆਦਿ ਦੀ ਲਤ ਦੇ ਸ਼ਿਕਾਰ ਬੱਚੇ ਤੱਕ ਦਹਿਲਾ ਦੇਣ ਵਾਲੇ ਅਪਰਾਧ ਕਰ ਬੈਠਦੇ ਹਨ। ਮੋਬਾਇਲ ਇਸਤਮਾਲ ਕਰਨ ਅਤੇ ਪਬਜੀ ਜਿਹੀਆਂ ਹਿੰਸਕ ਖੇਡਾਂ ਖੇਡਣ ਤੋਂ ਰੋਕਣ ਜਿਹੀਆਂ ਗੱਲਾਂ 'ਤੇ ਹੀ ਬੱਚੇ ਮਾਤਾ ਪਿਤਾ ਨੂੰ ਜਾਨੋ ਮਾਰਨ ਜਾਂ ਖ਼ੁਦਕੁਸ਼ੀ ਜਿਹਾ ਆਤਮਘਾਤੀ ਕਦਮ ਚੱਕ ਲੈਂਦੇ ਹਨ। ਪਿਛਲੇ ਕੁਝ ਸਮੇਂ ਤੋਂ ਅਜਿਹੀਆਂ ਘਟਨਾਵਾਂ ਤੇਜੀ ਨਾਲ ਵਧ ਰਹੀਆਂ ਹਨ। ਕੁਝ ਸਮਾਂ ਪਹਿਲਾਂ ਲਖਨਊ 'ਚ 16 ਸਾਲ ਦੇ ਇਕ ਲੜਕੇ ਨੇ ਆਪਣੀ ਮਾਂ ਦੀ ਹੱਤਿਆ ਕਰ ਦਿੱਤੀ ਸੀ।ਕਾਰਨ ਪਤਾ ਚੱਲਿਆ ਕਿ ਉਹ ਉਸਨੂੰ ਮੋਬਾਇਲ 'ਤੇ ਪਬਜੀ ਗੇਮ ਖੇਡਣ ਤੋਂ ਮਨ੍ਹਾਂ ਕਰਦੀ ਸੀ।ਇਹ ਲੜਕਾ ਦਸਵੀਂ ਕਲਾਸ ਦਾ ਵਿਦਿਆਰਥੀ ਸੀ। ਅਜਿਹੀਆਂ ਘਟਨਾਵਾਂ ਨੂੰ ਦੇਖ ਕੇ ਲਗਦਾ ਹੈ ਕਿ ਇੰਟਰਨੈੱਟ ਰਾਹੀਂ ਉੱਭਰਦੀ ਇਸ ਹਿੰਸਾ ਦੇ ਸਮਾਜ ਸ਼ਾਸਤਰ ਨੂੰ ਸਮਾਂ ਰਹਿੰਦੇ ਸਮਝਣ ਅਤੇ ਇਸ ਸਮੱਸਿਆ ਦਾ ਹੱਲ ਲੱਭਣ ਦੀ ਲੋੜ ਹੈ। ਅਜਿਹੀਆਂ ਘਟਨਾਵਾਂ ਪਰਿਵਾਰ, ਸਮਾਜ ਅਤੇ ਸਮਾਜਕ ਤਾਣੇ ਬਾਣੇ 'ਤੇ ਸਵਾਲ ਖੜ੍ਹਾ ਕਰਦੀਆਂ ਹਨ। ਇਨ੍ਹਾਂ ਘਟਨਾਵਾਂ ਤੋਂ ਲੱਗਦਾ ਹੈ ਕਿ ਬੱਚਿਆਂ ਦੇ ਸਮਾਜੀਕਰਨ 'ਚ ਆਪਣਾ ਅਹਿਮ ਰੋਲ ਨਿਭਾਉਣ ਵਾਲੇ ਪਰਿਵਾਰ ਅਤੇ ਸਕੂਲ ਜਿਹੀਆਂ ਸੰਸਥਾਵਾਂ ਦੀ ਜਿੰਮੇਵਾਰੀ ਕਿਤੇ ਨਾ ਕਿਤੇ ਸਿਮਟਦੀ ਜਾ ਰਹੀ ਹੈ। ਇਸਦਾ ਅਸਰ ਇਹ ਹੋਇਆ ਕਿ ਬੱਚੇ ਆਪਣੀ ਦੁਨੀਆਂ ਅਲੱਗ ਸਿਰਜਦੇ ਜਾ ਰਹੇ ਹਨ। ਸੱਚਾਈ ਇਹ ਹੈ ਕਿ ਪਿਛਲੇ ਕੁਝ ਦਹਾਕਿਆਂ ਤੋਂ ਕੰਪਿਊਟਰ ਅਤੇ ਇੰਟਰਨੈੱਟ ਸੂਚਨਾਵਾਂ ਨੇ ਇਕ ਸੰਵੇਦਨਹੀਣ ਸਮਾਜ ਗੜ੍ਹ ਦਿੱਤਾ ਹੈ।ਅੱਜ ਇੰਟਰਨੈੱਟ 'ਤੇ ਉਪਲਬਧ ਅਲੱਗ -ਅਲੱਗ ਹਿੰਸਕ ਖੇਡਾਂ ਦੇ ਸਾਹਮਣੇ ਸਾਡੇ ਦਿਮਾਗ ਨੂੰ ਤਰੋਤਾਜਾ ਰੱਖਣ ਵਾਲੀਆਂ ਸਮਾਜਕ ਅਤੇ ਵਿੱਦਿਅਕ ਗਤੀਵਿਧੀਆਂ ਸਮਾਜ ਵਿਚੋਂ ਗਾਇਬ ਕਿਉਂ ਹੁੰਦੀਆਂ ਜਾ ਰਹੀਆਂ ਹਨ।ਲਗਾਤਾਰ ਫੈਲ ਰਹੀ ਇਹ ਅਭਾਸੀ ਦੁਨੀਆਂ ਅੱਜ ਇਕ ਬਿਮਾਰੀ ਦੀ ਸ਼ਕਲ ਕਿਉਂ ਲੈਂਦੀ ਜਾ ਰਹੀ ਹੈ? ਸਕੂਲਾਂ 'ਚ ਪੜ੍ਹਨ-ਪੜ੍ਹਾਉਣ ਦੀ ਸਮੱਗਰੀ ਅਤੇ ਅਧਿਆਪਕਾਂ ਦੀ ਮੌਜੂਦਗੀ ਦੇ ਬਾਵਜੂਦ ਵੀ ਇੰਟਰਨੈੱਟ ਨਾਲ ਜੁੜੀਆਂ ਗੇਮਾ ਹਿੰਸਾ ਦੀ ਹੱਦ ਕਿਉਂ ਪਾਰ ਕਰ ਜਾਂਦੀਆਂ ਹਨ?



ਤਕਨੀਕ ਅਤੇ ਡਿਜੀਟਲ ਸਮਾਜ ਦੀ ਤਰੱਕੀ ਦੇ ਇਸ ਮਾਇਆਜਾਲ 'ਚ ਇਨ੍ਹਾ ਸਵਾਲਾਂ ਦੇ ਜਵਾਬ ਲੱਭਣੇ ਲਾਜ਼ਮੀ ਹੋ ਗਏ ਹਨ। ਕੌੜੀ ਸੱਚਾਈ ਇਹ ਹੈ ਕਿ ਪਰਿਵਾਰ ਦੇ ਵਖਰੇਂਵੇ ਨਾਲ ਬੱਚਿਆਂ ਦਾ ਬਚਪਨ ਸਭ ਤੋਂ ਜਿਆਦਾ ਪ੍ਰਭਾਵਤ ਹੋਇਆ ਹੈ। ਦਾਦਾ ਦਾਦੀ, ਨਾਨਾ ਨਾਨੀ ਦੀ ਦੇਖਰੇਖ 'ਚ ਪਲਣ ਵਾਲਾ ਬਚਪਨ ਹੁਣ ਕੰਪਿਊਟਰ ,ਇੰਟਰਨੈੱਟ, ਟੀਵੀ ਅਤੇ ਵੀਡੀਓ ਗੇਮ ਜਿਹੇ ਸੰਚਾਰ ਸਾਧਨਾ ਦੇ ਅਧੀਨ ਪਲ ਰਿਹਾ ਹੈ। ਅੱਜ ਆਰਥਕ ਦਬਾਅ ਦੇ ਚੱਲਦਿਆਂ ਮਾਪਿਆਂ ਨੂੰ ਐਨੀ ਫੁਰਸਤ ਹੀ ਨਹੀਂ ਹੈ ਕਿ ਜੋ ਉਸ ਨੂੰ ਦੱਸ ਸਕਣ ਕਿ ਉਸਦੀ ਜਿੰਦਗੀ 'ਚ ਸਕਰਾਤਮਕਤਾ ਅਤੇ ਉਪਯੋਗੀ ਚੀਜਾਂ ਦੀ ਚੋਣ ਕਰਨ ਲਈ ਕਿਸ ਦਿਸ਼ਾ ਵੱਲ ਆਪਣਾ ਰੁਝਾਨ ਕਰਨਾ ਹੈ। ਮੌਜੂਦਾ ਸਮੇਂ ਦਾ ਕੌੜਾ ਸੱਚ ਇਹ ਵੀ ਹੈ ਕਿ ਪਰਿਵਾਰਾਂ 'ਚ ਬਜ਼ੂਰਗਾਂ ਦਾ ਅਹਿਮ ਰੋਲ ਖਤਮ ਜਿਹਾ ਹੋ ਗਿਆ ਹੈ।

ਤੱਥ ਦੱਸਦੇ ਹਨ ਕਿ ਅੱਜ ਦੇਸ਼ ਦੁਨੀਆਂ 'ਚ ਆਨਲਾਈਨ ਗੇਮਾਂ ਦਾ ਵਿਸ਼ਵ ਪੱਧਰੀ ਕਾਰੋਬਾਰ 37 ਅਰਬ ਡਾਲਰ ਤੋਂ ਵੀ ਜਿਆਦਾ ਦਾ ਰਿਹਾ ਹੈ।ਸਾਲ 2025 ਤੱਕ ਇਸਦੇ 120 ਅਰਬ ਡਾਲਰ ਤੋਂ ਵੀ ਜਿਆਦਾ ਹੋਣ ਦਾ ਅੰਦਾਜ਼ਾ ਹੈ। ਆਨਲਾਈਨ ਗੇਮਾਂ ਖੇਡਣ ਵਾਲਿਆਂ ਦੀ ਗਿਣਤੀ ਨਾਲ ਜੁੜੇ ਆਂਕੜੇ ਦੱਸਦੇ ਹਨ ਕਿ ਕਰੋਨਾ ਕਾਲ 'ਚ ਇਨ੍ਹਾ ਦੀ ਗਿਣੀ 35 ਕਰੋੜ ਦੇ ਕਰੀਬ ਸੀ, ਜੋ ਇਸ ਸਾਲ ਦੇ ਅੰਤ ਤੱਕ 50 ਕਰੋੜ ਤੋਂ ਜਿਆਦਾ ਹੋਣ ਦਾ ਅੰਦਾਜ਼ਾ ਹੈ।ਹਾਲਾਂਕਿ ਭਾਰਤ ਸਰਕਾਰ ਨੇ ਪਿਛਲੇ ਦੋ ਸਾਲਾਂ 'ਚ ਚੀਨ ਦੀਆਂ 100 ਤੋਂ ਜਿਆਦਾ ਐਪਲੀਕੇਸ਼ਨਜ਼ 'ਤੇ ਬੈਨ ਲਾਇਆ ਹੈ, ਪਰ ਇਸਦੇ ਬਾਵਜੂਦ ਨਾਂਅ ਬਦਲ-ਬਦਲ ਕੇ ਇਹ ਹਿੰਸਕ ਖੇਡਾਂ ਆਪਣੇ ਕਰਤਬ ਦਿਖਾਉਣ ਤੋਂ ਬਾਜ ਨਹੀਂ ਆ ਰਹੀਆਂ ਹਨ। ਅੱਜ ਜਿਸ ਹਿੰਸਾ ਦਾ ਇਸਤੇਮਾਲ ਬੱਚੇ ਆਪਣੇ ਦੋਸਤਾਂ, ਸਹਿਪਾਠੀਆ ਅਤੇ ਪਰਿਵਾਰਕ ਮੈਂਬਰਾਂ ਦੇ ਨਾਲ ਕਰ ਰਹੇ ਹਨ, ਉਹ ਯਕੀਨਨ ਹੀ ਉਨ੍ਹਾਂ ਦੀ ਸਹਿਣਸ਼ਕਤੀ ਦੇ ਕਮਜ਼ੋਰ ਹੋਣ ਅਤੇ ਉਨ੍ਹਾ ਦੀ ਕ੍ਰੋਧੀ ਸ਼ਖਸੀਅਤ ਦਾ ਪ੍ਰਤੀਬਿੰਬ ਹੈ। ਪਹਿਲਾਂ ਪਰਿਵਾਰ ,ਅਧਿਆਪਕ ਅਤੇ ਸਿੱਖਿਆ ਦਾ ਸੁਮੇਲ ਬੱਚਿਆਂ ਦੀ ਸਖਸ਼ੀਅਤ ਲਈ ਸੁਰੱਖਿਆ ਕਵਚ ਦਾ ਕੰਮ ਕਰਦੇ ਸਨ। ਪਰ ਲਗਦਾ ਹੈ ਕਿ ਹੁਣ ਉਹ ਕਵਚ ਕਮਜ਼ੋਰ ਹੁੰਦਾ ਜਾ ਰਿਹਾ ਹੈ। ਸੰਚਾਰ ਸਾਧਨਾ ਨੇ ਤਾਂ ਬੱਚਿਆਂ ਦੀ ਕਲਪਨਾ ਅਤੇ ਉਨ੍ਹਾਂ ਦੇ ਯਥਾਰਥ 'ਚ ਘਾਲਮੇਲ ਕਰਦੇ ਹੋਏ ਗੁੱਸੇ, ਚਿੜਚਿੜੇਪਨ ਅਤੇ ਹਿੰਸਾ ਨੂੰ ਅੱਗੇ ਲਿਆ ਕੇ ਉਸ ਨੂੰ ਜਿੰਦਗੀ ਦਾ ਮਕਸਕ ਜਾਂ ਟੀਚਾ ਹਾਸਲ ਕਰਨ ਦਾ ਸਾਧਨ ਬਣਾ ਦਿੱਤਾ ਹੈ। ਹਿੰਸਾ ਹੁਣ ਬੱਚਿਆਂ ਦੀ ਆਮ ਜਿੰਦਗੀ ਦਾ ਹਿੱਸਾ ਬਣਦੀ ਜਾ ਰਹੀ ਹੈ।

ਸੰਜ਼ਮ, ਸਹਿਣਸ਼ੀਲਤਾ, ਹਮਦਰਦੀ ਅਤੇ ਅਹਿੰਸਾ ਜਿਹੀਆਂ ਕਦਰਾਂ ਕੀਮਤਾਂ ਆਪਣੀ ਅਹਿਮੀਅਤ ਲਗਾਤਾਰ ਗਵਾਉਂਦੀਆਂ ਪ੍ਰਤੀਤ ਹੋ ਰਹੀਆਂ ਹਨ। ਮੰਜ਼ਿਲ ਪ੍ਰਾਪਤੀ 'ਚ ਦੇਰੀ ਬੱਚਿਆਂ ਲਈ ਸਹਿਣ ਕਰਨੀ ਮੁਸ਼ਕਲ ਹੋ ਰਹੀ ਹੈ। ਪਰਿਵਾਰਾਂ 'ਚ ਬੱਚੇ ਘਰ ਵਾਲਿਆਂ ਤੋਂ ਅਲੱਗ ਹੋਣ ਦੀ ਮੰਗ ਕਰ ਰਹੇ ਹਨ। ਇਹੋ ਕਾਰਨ ਹੈ ਕਿ ਪਰਿਵਾਰ 'ਚ ਟੋਕਾ ਟੁਕਾਈ ਤੱਕ ਬੱਚਿਆਂ ਦੇ ਬਰਦਾਸ਼ਤ ਤੋਂ ਬਾਹਰ ਹੋ ਰਹੀ ਹੈ। ਬੱਚਿਆਂ ਨੂੰ ਹਿੰਸਾ ਦੀ ਗ੍ਰਿਫ਼ਤ ਚੋਂ ਬਚਾਉਣ ਦੇ ਲਈ ਜ਼ਰੂਰੀ ਹੈ ਕਿ ਅਸੀਂ ਬੱਚਿਆਂ ਦੇ ਪ੍ਰਤੀ ਆਪਣੀਆਂ ਭਾਵਨਾਵਾਂ ਪ੍ਰਗਟ ਕਰਦੇ ਹੋਏ ਉਨ੍ਹਾਂ ਦੇ ਨਜ਼ਦੀਕ ਆਉਦ ਦੀਆਂ ਕੋਸ਼ਿਸ਼ ਕਰੀਏ। ਇਸ ਤੋਂ ਇਲਾਵਾ ਬੱਚਿਆਂ 'ਚ ਹਿੰਸਕ ਪ੍ਰਵਿਰਤੀ ਨੂੰ ਘੱਟ ਕਰਦੇ ਹੋਏ ਮਾਪੇ ਉਨ੍ਹਾਂ ਨਾਲ ਨਜ਼ਦੀਕੀ ਅਤੇ ਸੰਵਾਦ ਸਥਾਪਤ ਕਰਨ ਦੇ ਯਤਨ ਲਗਾਤਾਰ ਜਾਰੀ ਰੱਖਣ। ਧਿਆਨ ਰਹੇ ਕਿ ਬੱਚਿਆਂ ਦੀ ਜਿੰਦਗੀ ਦਾ ਇਕੱਲਾਪਨ ਉਨ੍ਹਾਂ ਭਟਕਣ ਵਾਲੇ ਤਰ੍ਹਾਂ ਤਰ੍ਹਾਂ ਦੇ ਵਿਚਾਰਾਂ ਲਈ ਉਕਸਾਉਂਦਾ ਹੈ।ਬੱਚਾ ਜੋ ਕਹਿਣਾ ਚਾਹੁੰਦਾ ਹੈ, ਮਾਪਿਆਂ ਦੇ ਨਾਲ-ਨਾਲ ਸਕੂਲ 'ਚ ਵੀ ਉਸ ਦੀ ਗੱਲ ਨੂੰ ਠੀਕ ਤਰੀਕੇ ਨਾਲ ਸੁਣਿਆ ਜਾਵੇ। ਬੱਚੇ ਦੇ ਸਕੂਲ ਜਾਂ ਪਰਿਵਾਰ 'ਚ ਉਸਦੇ ਲੋੜ ਤੋਂ ਵਧ ਸ਼ਾਂਤ ਰਹਿਣ ਅਤੇ ਅਲੱਗ -ਅਲੱਗ ਰਹਿਣ ਦੀ ਦਸ਼ਾ 'ਚ ਵੀ ਉਸਦੀ ਸੁਣਵਾਈ ਠੀਕ ਢੰਗ ਨਾਲ ਹੋਵੇ ਅਤੇ ਉਸ ਨਾਲ ਲਗਾਤਾਰ ਤਰ੍ਹਾਂ ਤਰ੍ਹਾ ਦੇ ਸਕਰਾਤਮਕ ਸੰਵਾਦ ਕਰਨ ਦੇ ਲਈ ਜ਼ਰੀਏ ਤਲਾਸ਼ੇ ਜਾਣ। ਇਨ੍ਹਾਂ ਛੋਟੇ ਛੋਟੇ ਯਤਨਾਂ ਨਾਲ ਹੀ ਬੱਚਿਆਂ ਨੂੰ ਅਭਾਸੀ ਅਤੇ ਹਿੰਸਕ ਦੂਨੀਆਂ ਦੀਆਂ ਚੁਣੌਤੀਆਂ ਤੋਂ ਬਚਾਇਆ ਜਾ ਸਕਦਾ ਹੈ।






# ਕਾਰਨੀ ਦਾ EU ਭਾਸ਼ਣ, ਕਿਹਾ 'ਕੈਨੇਡਾ ਅਤੇ ਯੂਰਪ ਸਿਰਫ਼ ਚੰਗੇ ਸਮੇਂ ਵਾਲੇ ਸਾਥੀ ਨਹੀਂ'



ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਯੂਰਪੀਅਨ ਯੂਨੀਅਨ ਨਾਲ ਕੈਨੇਡਾ ਦੇ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਵੱਡੀਆਂ ਤਾਕਤਾਂ ਵੱਲੋਂ ਛੋਟੇ ਦੇਸ਼ਾਂ ਦੀ ਖ਼ੁਦਮੁਖ਼ਤਿਆਰੀ ਉੱਤੇ ਵਧ ਰਹੇ ਦਬਾਅ ਦੇ ਮੱਦੇਨਜ਼ਰ ਕੈਨੇਡਾ ਅਤੇ ਯੂਰਪ ਨੂੰ ਹੋਰ ਨੇੜੇ ਆਉਣ ਦੀ ਲੋੜ ਹੈ।

ਵੀਰਵਾਰ ਸਵੇਰੇ ਯੂਰਪੀਅਨ ਪਾਰਲੀਮੈਂਟ ਨੂੰ ਸੰਬੋਧਨ ਕਰਦਿਆਂ ਕਾਰਨੀ ਨੇ ਕਿਹਾ, ਇਕੱਠੇ ਮਿਲ ਕੇ, ਕੈਨੇਡਾ ਅਤੇ ਯੂਰਪੀਅਨ ਯੂਨੀਅਨ ਇੱਕ ਅਜਿਹੀ ਮਜ਼ਬੂਤ ਨੀਂਹ ਸਥਾਪਿਤ ਕਰ ਸਕਦੇ ਹਨ, ਜਿਸ ਨਾਲ ਸਾਡੀਆਂ ਕਦਰਾਂ-ਕੀਮਤਾਂ ਸੁਰੱਖਿਅਤ ਰਹਿਣ ਅਤੇ ਇੱਕ ਅਜਿਹਾ ਸੁਰੱਖਿਆ ਛੱਤਰ ਬਣੇ, ਜਿਸ ਹੇਠ ਸਾਡੇ ਨਾਗਰਿਕ ਖ਼ੁਸ਼ਹਾਲ ਹੋ ਸਕਣ।

ਉਨ੍ਹਾਂ ਕਿਹਾ, ਇਹ ਖ਼ੁਦਮੁਖ਼ਤਿਆਰੀ ਦੀ ਗੱਲ ਹੈ। ਇਹ ਸਾਡੀ ਉਸ ਸਮਰੱਥਾ ਦੀ ਗੱਲ ਹੈ ਕਿ ਅਸੀਂ ਆਪਣੀ ਮਰਜ਼ੀ ਅਨੁਸਾਰ ਜੀ ਸਕੀਏ। ਇਹ ਉਨ੍ਹਾਂ ਆਜ਼ਾਦੀਆਂ ਦੀ ਗੱਲ ਹੈ, ਜਿਨ੍ਹਾਂ ਲਈ ਸਾਨੂੰ ਹਰ ਰੋਜ਼ ਸੰਘਰਸ਼ ਕਰਨਾ ਪੈਂਦਾ ਹੈ। ਖ਼ੁਦਮੁਖ਼ਤਿਆਰੀ ਲਈ ਲਚਕਤਾ ਅਤੇ ਮਜ਼ਬੂਤੀ ਜ਼ਰੂਰੀ ਹੈ – ਅਜਿਹੀ ਸਮਰੱਥਾ, ਜਿਸ ਨਾਲ ਅਸੀਂ ਝਟਕਿਆਂ ਦਾ ਸਾਹਮਣਾ ਕਰ ਸਕੀਏ।

ਕਾਰਨੀ ਨੇ ਕੈਨੇਡਾ ਅਤੇ ਯੂਰਪੀਅਨ ਯੂਨੀਅਨ ਦੇ 27 ਦੇਸ਼ਾਂ ਵਿਚਕਾਰ ਭਵਿੱਖ ਲਈ ਗਠਜੋੜ ਬਣਾਉਣ ਦੀ ਗੱਲ ਕੀਤੀ। ਉਹ ਅਮਰੀਕਾ ਨਾਲ ਚੱਲ ਰਹੇ ਵਪਾਰਕ ਤਣਾਅ ਦੇ ਦੌਰਾਨ ਯੂਰਪ ਨਾਲ ਕੈਨੇਡਾ ਦੇ ਸਬੰਧ ਹੋਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਭਾਵੇਂ ਕਾਰਨੀ ਨੇ ਆਪਣੇ ਭਾਸ਼ਣ ਵਿੱਚ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦਾ ਨਾਮ ਨਹੀਂ ਲਿਆ, ਪਰ ਉਨ੍ਹਾਂ ਨੇ ਅਮਰੀਕਾ ਦੀਆਂ ਵਪਾਰਕ ਨੀਤੀਆਂ ਵੱਲ ਇਸ਼ਾਰਾ ਕੀਤਾ। ਉਨ੍ਹਾਂ ਨੇ ਇਸ ਸਾਲ ਦੇ ਸ਼ੁਰੂ ਵਿੱਚ ਦਾਵੋਸ ਵਿੱਚ ਦਿੱਤੇ ਆਪਣੇ ਭਾਸ਼ਣ ਵਾਲੀ ਗੱਲ ਦੁਹਰਾਈ ਕਿ ਦੇਸ਼ਾਂ ਦਾ ਆਰਥਿਕ ਜੁੜਾ ਦਬਾਅ ਬਣਾਉਣ ਦੇ ਸਾਧਨ ਵਜੋਂ ਵਰਤਿਆ ਜਾਂਦਾ ਰਿਹਾ ਅਤੇ ਕਿਹਾ ਕਿ ਯੂਰਪ ਕੈਨੇਡਾ ਲਈ ਇੱਕ ਵਧੇਰੇ ਭਰੋਸੇਯੋਗ ਸਾਥੀ ਹੋ ਸਕਦਾ ਹੈ।

ਕਾਰਨੀ ਨੇ ਕਿਹਾ, ਅਸੀਂ ਸਿਰਫ਼ ਚੰਗੇ ਸਮੇਂ ਵਾਲੇ ਸਾਥੀ ਨਹੀਂ ਹਾਂ। ਅਸੀਂ ਅਜਿਹੇ ਸਮਝੌਤੇ ਨਹੀਂ ਕਰਦੇ, ਜਿਨ੍ਹਾਂ ਵਿੱਚ ਇੱਕ ਦੀ ਜਿੱਤ ਦੂਜੇ ਦੀ ਹਾਰ ਹੋਵੇ। ਸਾਡੀਆਂ ਸਾਂਝੀਆਂ ਕਦਰਾਂ-ਕੀਮਤਾਂ ਹਨ, ਜਿਨ੍ਹਾਂ ਲਈ ਅਸੀਂ ਹਮੇਸ਼ਾ ਲੜੇ ਹਾਂ ਅਤੇ ਜਿਨ੍ਹਾਂ ਦੀ ਰੱਖਿਆ ਲਈ ਸਾਨੂੰ ਹਮੇਸ਼ਾ ਚੌਕਸ ਰਹਿਣਾ ਚਾਹੀਦਾ ਹੈ।

ਇਸ ਤੋਂ ਇੱਕ ਦਿਨ ਪਹਿਲਾਂ, ਬੁੱਧਵਾਰ ਨੂੰ, ਟਰੰਪ ਤੋਂ ਜਦੋਂ ਕੈਨੇਡਾ ਅਤੇ ਯੂਰਪੀਅਨ ਯੂਨੀਅਨ ਵੱਲੋਂ ਆਪਣੇ ਸਬੰਧ ਹੋਰ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਇਸ ਵਿਚਾਰ ਨੂੰ ਹਾਸੋਹੀਣਾ ਦੱਸਿਆ। ਟਰੰਪ ਨੇ ਇਹ ਧਮਕੀ ਵੀ ਦਿੱਤੀ ਕਿ ਜੇ ਯੂਰਪੀਅਨ ਯੂਨੀਅਨ ਨੇ ਕੈਨੇਡਾ ਨਾਲ ਮਾੜੀ ਨੀਅਤ ਨਾਲ ਵਪਾਰਕ ਸਮਝੌਤਾ ਕੀਤਾ ਤਾਂ ਯੂਰਪੀਅਨ ਯੂਨੀਅਨ ਉੱਤੇ ਬਹੁਤ ਗੰਭੀਰ ਟੈਰਿਫ਼ ਲਗਾਏ ਜਾ ਸਕਦੇ ਹਨ।

ਵੀਰਵਾਰ ਨੂੰ ਟਰੰਪ ਦੀ ਇਸ ਟਿੱਪਣੀ ਬਾਰੇ ਪੁੱਛੇ ਜਾਣ 'ਤੇ ਕਾਰਨੀ ਨੇ ਇਸ ਦਾ ਵਿਰੋਧ ਕੀਤਾ। ਨਾਲ ਹੀ ਉਨ੍ਹਾਂ ਦਲੀਲ ਦਿੱਤੀ ਕਿ ਯੂਰਪੀਅਨ ਯੂਨੀਅਨ ਨਾਲ ਮਜ਼ਬੂਤ ਸਾਂਝ ਕੈਨੇਡਾ ਨੂੰ ਅਮਰੀਕਾ ਲਈ ਵੀ ਇੱਕ ਬਿਹਤਰ ਸਾਥੀ ਬਣਾਏਗੀ। ਭਾਸ਼ਣ ਤੋਂ ਬਾਅਦ ਹੋਈ ਪ੍ਰੈੱਸ ਕਾਨਫ਼ਰੰਸ ਵਿੱਚ ਕਾਰਨੀ ਨੇ ਕਿਹਾ, ਅਸੀਂ ਅਜਿਹੀਆਂ ਸਾਂਝਾਂ ਦੀ ਭਾਲ ਕਰ ਰਹੇ ਹਾਂ, ਜੋ ਇੱਕ-ਦੂਜੇ ਦੀ ਪੂਰਕ ਹੋਣ, ਜੋ ਸਾਡੀ ਖ਼ੁਦਮੁਖ਼ਤਿਆਰੀ ਨੂੰ ਮਜ਼ਬੂਤ ਕਰਨ।

ਉਨ੍ਹਾਂ ਕਿਹਾ, ਕੈਨੇਡੀਅਨਜ਼ ਇਸ ਗੱਲ 'ਤੇ ਇਕਜੁੱਟ ਹਨ ਕਿ ਕੋਈ ਵੀ ਸਾਨੂੰ ਇਹ ਨਹੀਂ ਦੱਸੇਗਾ ਕਿ ਅਸੀਂ ਕਿਹੜੀ ਭਾਸ਼ਾ ਬੋਲਣੀ ਹੈ, ਕੋਈ ਵੀ ਸਾਡੇ ਸੱਭਿਆਚਾਰ ਨੂੰ ਨਿਰਧਾਰਤ ਨਹੀਂ ਕਰੇਗਾ ਅਤੇ ਕੋਈ ਵੀ ਇਹ ਤੈਅ ਨਹੀਂ ਕਰੇਗਾ ਕਿ ਅਸੀਂ ਅੰਤਰਰਾਸ਼ਟਰੀ ਪੱਧਰ 'ਤੇ ਕਿਹੜੇ ਦੇਸ਼ਾਂ ਨਾਲ ਸਮਝੌਤੇ ਕਰ ਸਕਦੇ ਹਾਂ।

ਕਾਰਨੀ ਨੇ ਆਪਣੇ ਭਾਸ਼ਣ ਵਿੱਚ ਟਰੰਪ ਅਤੇ ਹੋਰ ਵੱਡੀਆਂ ਤਾਕਤਾਂ ਦੀਆਂ ਨੀਤੀਆਂ ਨੂੰ ਵੀ ਅਸਿੱਧੇ ਤੌਰ 'ਤੇ ਚੁਣੌਤੀ ਦਿੱਤੀ। ਉਨ੍ਹਾਂ ਕਿਹਾ ਕਿ ਕੈਨੇਡਾ ਅਤੇ ਯੂਰਪੀਅਨ ਯੂਨੀਅਨ ਵਿਚਕਾਰ ਗਠਜੋੜ ਹੋਰ ਲੋਕਤੰਤਰਾਂ ਲਈ ਵੀ ਇੱਕ ਚਾਨਣ ਮੁਨਾਰਾ ਬਣ ਸਕਦਾ ਹੈ।

ਉਨ੍ਹਾਂ ਸਪੱਸ਼ਟ ਕੀਤਾ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਕੀ ਪ੍ਰਸਤਾਵਿਤ ਨਹੀਂ ਕਰ ਰਿਹਾ। ਮੈਂ ਕੋਈ ਤੀਜਾ ਧੜਾ ਬਣਾਉਣ ਦੀ ਗੱਲ ਨਹੀਂ ਕਰ ਰਿਹਾ, ਜਿਸ ਦਾ ਮਕਸਦ ਇੱਕ ਵੱਡੀ ਤਾਕਤ ਦਾ ਮੁਕਾਬਲਾ ਕਰਨਾ ਹੋਵੇ।

ਕਾਰਨੀ ਨੇ ਕਿਹਾ, ਅਸੀਂ ਦੂਜਿਆਂ ਉੱਤੇ ਦਬਦਬਾ ਕਾਇਮ ਕਰਨ ਲਈ ਤਾਕਤ ਨਹੀਂ ਚਾਹੁੰਦੇ। ਇਸ ਦੇ ਉਲਟ, ਅਸੀਂ ਅਜਿਹੀ ਮਜ਼ਬੂਤੀ ਪੈਦਾ ਕਰ ਰਹੇ ਹਾਂ ਤਾਂ ਜੋ ਕੋਈ ਵੀ ਸਾਡੇ ਖੁੱਲ੍ਹੇ ਬਾਜ਼ਾਰਾਂ ਨੂੰ ਆਪਣੇ ਕਾਬੂ ਵਿੱਚ ਨਾ ਕਰ ਸਕੇ, ਸਾਡੀ ਖ਼ੁਦਮੁਖ਼ਤਿਆਰੀ ਨੂੰ ਨੁਕਸਾਨ ਨਾ ਪਹੁੰਚਾ ਸਕੇ, ਸਾਡੀ ਖੇਤਰੀ ਅਖੰਡਤਾ ਲਈ ਖ਼ਤਰਾ ਨਾ ਬਣੇ ਅਤੇ ਸਾਡੀਆਂ ਆਜ਼ਾਦੀਆਂ ਅਤੇ ਲੋਕਤੰਤਰ ਨੂੰ ਕਮਜ਼ੋਰ ਨਾ ਕਰ ਸਕੇ।

ਪਿਛਲੇ ਇੱਕ ਸਾਲ ਦੌਰਾਨ ਕੈਨੇਡਾ ਨੇ ਯੂਰਪੀਅਨ ਯੂਨੀਅਨ ਨਾਲ ਕਈ ਨਵੇਂ ਭਾਈਵਾਲੀ ਸਮਝੌਤੇ ਕੀਤੇ ਹਨ। ਕੈਨੇਡਾ ਸਿਕਿਓਰਟੀ ਐਕਸ਼ਨ ਫ਼ੌਰ ਯੂਰਪ, ਜਿਸ ਨੂੰ SAFE ਕਿਹਾ ਜਾਂਦਾ ਹੈ, ਦਾ ਮੈਂਬਰ ਬਣਨ ਵਾਲਾ ਪਹਿਲਾ ਗ਼ੈਰ-ਯੂਰਪੀਅਨ ਦੇਸ਼ ਵੀ ਬਣਿਆ ਹੈ। SAFE ਤਹਿਤ ਯੂਰਪੀਅਨ ਦੇਸ਼ਾਂ ਨੂੰ ਰੱਖਿਆ ਖਰਚਿਆਂ ਲਈ ਕੁੱਲ 150 ਬਿਲੀਅਨ ਯੂਰੋ ਦੇ ਕਰਜ਼ੇ ਮੁਹੱਈਆ ਕਰਵਾਉਣ ਦੀ ਯੋਜਨਾ ਹੈ।

**ਲੋਕਾਂ ਵਿਚਕਾਰ ਸਬੰਧ ਹੋਰ ਮਜ਼ਬੂਤ ਕਰਨ ਦੀ ਤਜਵੀਜ਼**

ਆਪਣੇ ਭਾਸ਼ਣ ਦੌਰਾਨ ਕਾਰਨੀ ਨੇ ਕੈਨੇਡਾ ਨੂੰ Erasmus+ ਪ੍ਰੋਗਰਾਮ ਨਾਲ ਜੋੜਨ ਦੀ ਵੀ ਤਜਵੀਜ਼ ਰੱਖੀ। Erasmus+ ਯੂਰਪੀਅਨ ਯੂਨੀਅਨ ਦਾ ਅਜਿਹਾ ਪ੍ਰੋਗਰਾਮ ਹੈ, ਜੋ ਸਿੱਖਿਆ, ਸਿਖਲਾਈ, ਨੌਜਵਾਨਾਂ ਅਤੇ ਖੇਡਾਂ ਨਾਲ ਸਬੰਧਤ ਮੌਕਿਆਂ ਨੂੰ ਉਤਸ਼ਾਹਿਤ ਕਰਦਾ ਹੈ।

ਕਾਰਨੀ ਨੇ ਇਹ ਵੀ ਕਿਹਾ ਕਿ ਕੈਨੇਡਾ ਯੂਰਪੀਅਨ ਯੂਨੀਅਨ ਦੇ ਹੌਰਾਈਜ਼ਨ ਖੋਜ ਗ੍ਰਾਂਟ ਪ੍ਰੋਗਰਾਮ ਨਾਲ ਵੀ ਜੁੜ ਸਕਦਾ ਹੈ।

ਉਨ੍ਹਾਂ ਕਿਹਾ, ਸਾਨੂੰ ਲੋਕਾਂ ਵਿਚਕਾਰ ਆਪਣੇ ਸਬੰਧ ਹੋਰ ਡੂੰਘੇ ਕਰਨੇ ਚਾਹੀਦੇ ਹਨ, ਤਾਂ ਜੋ ਸਾਡੇ ਨੌਜਵਾਨਾਂ ਨੂੰ ਐਟਲਾਂਟਿਕ ਮਹਾਸਾਗਰ ਦੇ ਦੋਵਾਂ ਪਾਸਿਆਂ 'ਤੇ ਆਪਣੀ ਪਸੰਦ ਅਨੁਸਾਰ ਰਹਿਣ, ਕੰਮ ਕਰਨ ਅਤੇ ਪੜ੍ਹਾਈ ਕਰਨ ਦਾ ਮੌਕਾ ਮਿਲ ਸਕੇ।

ਕਾਰਨੀ ਦਾ ਇਹ ਭਾਸ਼ਣ ਯੂਰਪੀਅਨ ਕਮਿਸ਼ਨ ਦੀ ਪ੍ਰੈਜ਼ੀਡੈਂਟ ਉਰਸੁਲਾ ਵੌਨ ਡੇਰ ਲੇਯਨ ਵੱਲੋਂ ਬੁੱਧਵਾਰ ਨੂੰ ਸਟੇਟ ਔਫ਼ ਦ ਯੂਰਪੀਅਨ ਯੂਨੀਅਨ ਭਾਸ਼ਣ ਤੋਂ ਬਾਅਦ ਆਇਆ ਹੈ। ਵੌਨ ਡੇਰ ਲੇਯਨ ਨੇ ਕਿਹਾ ਸੀ ਕਿ ਕੈਨੇਡਾ ਲਈ ਯੂਰਪੀਅਨ ਯੂਨੀਅਨ ਦਾ ਐਸੋਸੀਏਟ ਮੈਂਬਰ ਬਣਨ ਦਾ ਦਰਵਾਜ਼ਾ ਖੁੱਲ੍ਹਾ ਹੈ।

ਇਸ ਮੌਕੇ ਕਾਰਨੀ ਨੇ ਸਿਰ ਹਿਲਾ ਕੇ ਪ੍ਰਤੀਕਿਰਿਆ ਦਿੱਤੀ, ਆਪਣੀ ਸੀਟ ਤੋਂ ਉੱਠੇ, ਵੌਨ ਡੇਰ ਲੇਯਨ ਕੋਲ ਗਏ ਅਤੇ ਉਨ੍ਹਾਂ ਨੂੰ ਗਲੇ ਮਿਲੇ। ਇਸ ਤੋਂ ਬਾਅਦ ਉਨ੍ਹਾਂ ਨੇ ਕੁਝ ਸਮੇਂ ਲਈ ਪਾਰਲੀਮੈਂਟ ਵੱਲ ਹੱਥ ਹਿਲਾਇਆ ਅਤੇ ਮੁੜ ਆਪਣੀ ਸੀਟ 'ਤੇ ਆ ਗਏ।

ਯੂਰਪੀਅਨ ਯੂਨੀਅਨ ਦੀ ਮੁਖੀ ਨੇ ਕਿਹਾ ਕਿ ਦੋਵਾਂ ਧਿਰਾਂ ਨੂੰ ਆਪਣੀ ਭਾਈਵਾਲੀ ਬਾਰੇ ਤੁਰੰਤ ਨਵੇਂ ਸਿਰੇ ਤੋਂ ਸੋਚਣ ਦੀ ਲੋੜ ਹੈ ਅਤੇ ਰਿਸ਼ਤੇ ਨੂੰ ਸਿਰਫ਼ ਇੱਕ ਮੁਕਤ ਵਪਾਰ ਸਮਝੌਤੇ ਤੱਕ ਸੀਮਤ ਨਹੀਂ ਰੱਖਣਾ ਚਾਹੀਦਾ।

ਕਾਰਨੀ ਨੇ ਕਿਹਾ ਕਿ ਉਹ ਇਸ ਪ੍ਰਸਤਾਵ ਦੀ ਮਹੱਤਵਾਕਾਂਖਾ ਦਾ ਸਵਾਗਤ ਕਰਦੇ ਹਨ। ਪਰ ਉਹ ਇਸ ਨਵੇਂ ਰਿਸ਼ਤੇ ਲਈ ਐਸੋਸੀਏਟ ਮੈਂਬਰ ਦੀ ਥਾਂ ਭਵਿੱਖ ਲਈ ਗਠਜੋੜ ਸ਼ਬਦ ਵਰਤਣਾ ਪਸੰਦ ਕਰ ਰਹੇ ਹਨ। ਉਨ੍ਹਾਂ ਕਿਹਾ, ਕੈਨੇਡਾ ਅਤੇ ਯੂਰਪ ਨੂੰ ਰਣਨੀਤਕ ਸਮਰੱਥਾਵਾਂ ਦੇ ਪੂਰੇ ਖੇਤਰ ਵਿੱਚ ਡੂੰਘੇ ਸਹਿਯੋਗ ਰਾਹੀਂ ਆਪਣੀ ਰਣਨੀਤਕ ਖ਼ੁਦਮੁਖ਼ਤਿਆਰੀ ਨੂੰ ਸੁਰੱਖਿਅਤ ਕਰਨਾ ਚਾਹੀਦਾ ਹੈ।

**ਨਾਮ ਨਾਲੋਂ ਸਮਝੌਤੇ ਚ 'ਕੀ ਹੈ' ਜ਼ਿਆਦਾ ਮਹੱਤਵਪੂਰਨ**

ਜਦੋਂ ਤੋਂ ਪਿਛਲੇ ਹਫ਼ਤੇ ਵੌਲ ਸਟ ?ਰੀਟ ਜਰਨਲ ਵਿੱਚ ਸੂਤਰਾਂ ਦੇ ਹਵਾਲੇ ਨਾਲ ਇਹ ਖ਼ਬਰ ਸਾਹਮਣੇ ਆਈ ਹੈ ਕਿ ਕੈਨੇਡਾ ਨੂੰ ਯੂਰਪੀਅਨ ਯੂਨੀਅਨ ਦਾ ਐਸੋਸੀਏਟ ਮੈਂਬਰ ਬਣਾਉਣ ਦੀ ਸੰਭਾਵਨਾ ਹੈ, ਉਦੋਂ ਤੋਂ ਕਾਰਨੀ ਅਤੇ ਉਨ੍ਹਾਂ ਦੀ ਟੀਮ ਇਸ ਸ਼ਬਦ ਨੂੰ ਵਰਤਣ ਦੀ ਕਾਇਲ ਨਹੀਂ ਹੈ।

ਵੀਰਵਾਰ ਨੂੰ ਜਦੋਂ ਕਾਰਨੀ ਤੋਂ ਕੈਨੇਡਾ ਦੇ ਐਸੋਸੀਏਟ ਮੈਂਬਰ ਬਣਨ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਨਾਮ ਜਾਂ ਲੇਬਲ ਨਾਲੋਂ ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਅਸਲ ਸਮਝੌਤੇ ਵਿੱਚ ਕੀ ਕੁਝ ਸ਼ਾਮਲ ਹੁੰਦਾ ਹੈ।

ਪ੍ਰਧਾਨ ਮੰਤਰੀ ਨੇ ਸਪੱਸ਼ਟ ਕੀਤਾ ਕਿ ਕੈਨੇਡਾ ਯੂਰਪੀਅਨ ਯੂਨੀਅਨ ਦਾ ਪੂਰਾ ਮੈਂਬਰ ਬਣਨ ਦੀ ਕੋਸ਼ਿਸ਼ ਨਹੀਂ ਕਰ ਰਿਹਾ ਅਤੇ ਇਸ ਗਠਜੋੜ ਦੇ ਅੰਤਿਮ ਸਮਝੌਤੇ 'ਤੇ ਕੈਨੇਡੀਅਨ ਪਾਰਲੀਮੈਂਟ ਵਿਚ ਬਹਿਸ ਅਤੇ ਵੋਟਿੰਗ ਕੀਤੀ ਜਾਵੇਗੀ।

ਕੈਨੇਡਾ ਦੇ ਆਉਣ ਵਾਲੇ ਯੂਰਪੀਅਨ ਯੂਨੀਅਨ ਵਿੱਚ ਰਾਜਦੂਤ ਜੌਨਾਥਨ ਵਿਲਕਿਨਸਨ ਨੇ ਵੀ ਬੁੱਧਵਾਰ ਨੂੰ ਵੌਨ ਡੇਰ ਲੇਯਨ ਦੇ ਭਾਸ਼ਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਸੀ ਕਿ ਕੈਨੇਡਾ ਯੂਰਪੀਅਨ ਯੂਨੀਅਨ ਦਾ ਪੂਰਾ ਮੈਂਬਰ ਬਣਨ ਦੀ ਕੋਸ਼ਿਸ਼ ਨਹੀਂ ਕਰ ਰਿਹਾ।

ਵਿਲਕਿਨਸਨ ਨੇ ਕਿਹਾ, ਇਸ ਨੂੰ ਬਿਆਨ ਕਰਨ ਲਈ ਲੋਕਾਂ ਨੇ ਕਈ ਵੱਖ-ਵੱਖ ਸ਼ਬਦ ਵਰਤੇ ਹਨ। ਮੇਰੇ ਖ਼ ?ਆਲ ਵਿੱਚ ਸਾਨੂੰ ਪਹਿਲਾਂ ਉਸ ਪੜਾਅ 'ਤੇ ਪਹੁੰਚਣਾ ਪਵੇਗਾ ਜਿੱਥੇ ਸਾਨੂੰ ਪਤਾ ਹੋਵੇ ਕਿ ਅਸੀਂ ਅਸਲ ਵਿੱਚ ਕਿਸ ਚੀਜ਼ ਦਾ ਵਰਣਨ ਕਰ ਰਹੇ ਹਾਂ।

ਉਨ੍ਹਾਂ ਕਿਹਾ, ਇਹ ਨਾਮਕਰਨ ਦੀ ਗੱਲ ਹੈ; ਮੇਰਾ ਮਤਲਬ ਹੈ ਕਿ ਆਖ਼ਰਕਾਰ ਇਸ ਨੂੰ ਬਿਆਨ ਕਰਨ ਦੇ ਕਈ ਵੱਖ-ਵੱਖ ਤਰੀਕੇ ਹੋ ਸਕਦੇ ਹਨ।

ਕਾਰਨੀ ਨੇ ਬੁੱਧਵਾਰ ਨੂੰ ਵੌਨ ਡੇਰ ਲੇਯਨ ਨਾਲ ਮੁਲਾਕਾਤ ਵੀ ਕੀਤੀ ਸੀ। ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਮੁਤਾਬਕ, ਦੋਵਾਂ ਲੀਡਰਾਂ ਨੇ ਉਨ੍ਹਾਂ ਖੇਤਰਾਂ ਬਾਰੇ ਗੱਲ ਕੀਤੀ ਜਿੱਥੇ ਕੈਨੇਡਾ ਅਤੇ ਯੂਰਪੀਅਨ ਯੂਨੀਅਨ ਆਪਣੇ ਸਬੰਧ ਹੋਰ ਡੂੰਘੇ ਕਰ ਸਕਦੇ ਹਨ, ਜਿਨ੍ਹਾਂ ਵਿੱਚ ਮਹੱਤਵਪੂਰਨ ਖਣਿਜ, ਆਰਟੀਫਿਸ਼ਲ ਇੰਟੈਲੀਜੈਂਸ (19), ਰੱਖਿਆ, ਊਰਜਾ ਅਤੇ ਵਿੱਤ ਵਰਗੇ ਖੇਤਰ ਸ਼ਾਮਲ ਹਨ।


Life is a Story. Tell it Well

ਜ਼ਿੰਦਗੀ ਇੱਕ ਕਹਾਣੀ ਹੈ, ਚੰਗੀ ਤਰ੍ਹਾਂ ਨਾਲ ਦੇਖੋ



Proud to Provide the Community with grief support and healing experiences

ਸੋਗ ਭਰੇ ਮਹੌਲ ਨੂੰ ਸੌਖਾਵਾਂ ਬਣਾਉਣ ਲਈ ਅਸੀਂ ਤੁਹਾਡੀ ਹਰ ਤਰ੍ਹਾਂ ਦੀ ਮਦਦ ਕਰਦੇ ਹਾਂ



Maison funéraire Rideau Funeral Home

4275, boul. des Sources, Dollard-des-Ormeaux (Qc) H9B 2A6

514-685-3344 • www.rideaumemorial.com

# ‘ਅਸੀਂ ਕੈਨੇਡਾ ਚ ਰਾਜ ਕਰਾਂਗੇ’: ਸੀਬੀਸੀ ਨੇ ਬਿਸ਼ਨੋਈ ਗੈਂਗ ਵੱਲੋਂ ਪੁਲਿਸ ਨੂੰ ਭੇਜੀ ਚਿੱਠੀ ਹਾਸਲ ਕੀਤੀ

ਸੀਬੀਸੀ ਨਿਊਜ਼ ਨੂੰ ਉਸ ਚਿੱਠੀ ਦੀ ਕਾਪੀ ਮਿਲੀ ਹੈ, ਜੋ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਪਿਛਲੇ ਸਾਲ ਕੈਨੇਡਾ ਦੇ “ਰੱਖਿਆ ਮੰਤਰੀ, ਫੌਜ ਅਤੇ ਪੁਲਿਸ”ਨੂੰ ਭੇਜੀ ਗਈ ਸੀ। ਇਸ ਚਿੱਠੀ ਵਿੱਚ ਗੈਂਗ ਨੇ ਦਾਅਵਾ ਕੀਤਾ ਸੀ ਕਿ ਕੈਨੇਡਾ ਵਿੱਚ ਉਸ ਦੇ 5,000 ਤੋਂ ਵੱਧ ਮੈਂਬਰ ਹਨ ਅਤੇ ਉਸ ਕੋਲ ਪੁਲਿਸ ਨਾਲੋਂ “ਜ਼ਿਆਦਾ ਬੰਦੂਕਾਂ”ਹਨ। ਇਹ ਚਿੱਠੀ ਐਬਟਸਫ਼ੋਰਡ ਪੁਲਿਸ ਵਿਭਾਗ ਨੂੰ ਭੇਜੀ ਗਈ ਸੀ ਅਤੇ ਇਸ ’ਤੇ ਲਾਰੈਂਸ ਗੈਂਗ ਫ਼ਰਾਮ ਇੰਡੀਆ ਲਿਖ ਕੇ ਦਸਤਖ਼ਤ ਕੀਤੇ ਗਏ ਸਨ। ਇਹ ਚਿੱਠੀ ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ (IRB) ਦੀ ਇੱਕ ਸੁਣਵਾਈ ਨਾਲ ਸਬੰਧਤ ਦਸਤਾਵੇਜ਼ਾਂ ਦੀ ਸੂਚਨਾ ਤੱਕ ਪਹੁੰਚ (Access to Information ) ਦੇ ਕਾਨੂੰਨ ਤਹਿਤ ਕੀਤੀ ਗਈ ਮੰਗ ਰਾਹੀਂ ਸਾਹਮਣੇ ਆਈ ਹੈ। ਇਹ ਸੁਣਵਾਈ ਬਿਸ਼ਨੋਈ ਗੈਂਗ ਨਾਲ ਜੁੜੇ ਇੱਕ ਵਿਅਕਤੀ ਬਾਰੇ ਸੀ, ਜਿਸ ਨੂੰ ਜੁਲਾਈ ਵਿੱਚ ਕੈਨੇਡਾ ਤੋਂ ਡਿਪੋਰਟ ਕਰਨ ਦਾ ਹੁਕਮ ਦਿੱਤਾ ਗਿਆ ਸੀ।




ਸੁਣਵਾਈ ਦੌਰਾਨ ਇੱਕ ਪੁਲਿਸ ਅਧਿਕਾਰੀ ਨੇ ਇਸ ਚਿੱਠੀ ਦੇ ਮੌਜੂਦ ਹੋਣ ਬਾਰੇ ਗਵਾਹੀ ਦਿੱਤੀ ਸੀ, ਪਰ ਪੂਰੀ ਚਿੱਠੀ ਪਹਿਲੀ ਵਾਰੀ ਜਨਤਕ ਹੋਈ ਹੈ।

ਚਿੱਠੀ ਵਿੱਚ ਧਮਕੀ ਭਰੇ ਲਹਿਜ਼ੇ ਵਿੱਚ ਲਿਖਿਆ ਗਿਆ ਹੈ, ਅਸੀਂ ਤੁਹਾਨੂੰ ਲਿਖਤੀ ਚੇਤਾਵਨੀ ਅਤੇ ਚੁਣੌਤੀ ਦੇ ਰਹੇ ਹਾਂ। ਅਸੀਂ ਭਾਰਤੀ ਗੈਂਗ ਹਾਂ, ਕੈਨੇਡਾ ਵਿੱਚ ਕਿਸੇ ਵਿੱਚ ਸਾਨੂੰ ਰੋਕਣ ਦੀ ਹਿੰਮਤ ਨਹੀਂ, ਇਹ ਗੱਲ ਸਪੱਸ਼ਟ ਹੈ – ਹੁਣ ਅਸੀਂ ਕੈਨੇਡਾ ਵਿੱਚ ਰਾਜ ਕਰਾਂਗੇ, ਹੁਣ ਕੋਈ ਸਾਨੂੰ ਨਹੀਂ ਰੋਕ ਸਕਦਾ, ਅਸੀਂ ਬਹੁਤ ਤਾਕਤਵਰ ਹਾਂ।

ਚਿੱਠੀ ਵਿੱਚ ਕਿਹਾ ਗਿਆ ਹੈ, ਹੁਣ ਸਾਡਾ ਸਮਾਂ ਹੈ। ਕੈਨੇਡਾ ਵਿੱਚ 5,000 ਤੋਂ ਵੱਧ ਗੈਂਗ ਮੈਂਬਰ ਹਨ। ਉਹ ਸਿਰਫ਼ 1,000 ਡਾਲਰ ਵਿੱਚ ਕਿਸੇ ਨੂੰ ਗੋਲੀ ਮਾਰ ਸਕਦੇ ਹਨ। ਕੀ ਤੁਸੀਂ ਸਾਨੂੰ ਰੋਕ ਸਕਦੇ ਹੋ ? ਬਿਲਕੁਲ ਨਹੀਂ। ਤੁਸੀਂ ਜਲਦੀ ਦੇਖੋਗੇ ਕਿ ਅਸੀਂ ਕੈਨੇਡਾ ’ਤੇ ਕਬਜ਼ਾ ਕਰ ਲਵਾਂਗੇ।

**ਬਿਸ਼ਨੋਈ ਗੈਂਗ ਲਈ ਪੁਲਿਸ ਦੀ ‘ਟੈਕਟੀਕਲ ਗਾਈਡ’**

ਇਹ ਚਿੱਠੀ ਉਨ੍ਹਾਂ ਦਸਤਾਵੇਜ਼ਾਂ ਅਤੇ ਵੀਡੀਓਜ਼ ਦੇ ਵੱਡੇ ਸੰਗ੍ਰਹਿ ਦਾ ਹਿੱਸਾ ਹੈ, ਜੋ ਕੈਨੇਡਾ ਵਿੱਚ ਫੈਲੇ ਫ਼ਿਰੌਤੀ ਦੇ ਸੰਕਟ ਨੂੰ ਰੋਕਣ ਲਈ ਵੱਖ-ਵੱਖ ਸੂਬਿਆਂ ਅਤੇ ਸਰਕਾਰੀ ਏਜੰਸੀਆਂ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਬਾਰੇ ਜਾਣਕਾਰੀ ਦਿੰਦੇ ਹਨ।

ਇਨ੍ਹਾਂ ਮਾਮਲਿਆਂ ਵਿੱਚ ਕਈ ਨੌਜਵਾਨ ਭਾਰਤੀ ਨਾਗਰਿਕਾਂ ’ਤੇ ਗੈਂਗ ਨਾਲ ਜੁੜੇ ਹੋਣ ਅਤੇ ਫ਼ਿਰੌਤੀ, ਗੋਲੀਬਾਰੀ ਤੇ ਧਮਕੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ ਹਨ।

ਇਨ੍ਹਾਂ ਦਸਤਾਵੇਜ਼ਾਂ ਵਿੱਚ ਅਮਿਤੋਜ ਬਾਜਵਾ ਅਤੇ ਸਾਹਿਬਜੋਤ ਸਿੰਘ ਦੇ ਨਾਮ ਵੀ ਹਨ। CBSA ਨੇ ਇਸ ਹਫ਼ਤੇ ਇਨ੍ਹਾਂ ਦੋਵਾਂ ਨੂੰ ਬਿਸ਼ਨੋਈ ਗੈਂਗ ਨਾਲ ਜੁੜੇ ਫ਼ਿਰੌਤੀ ਦੇ ਮਾਮਲਿਆਂ ਨਾਲ ਸਬੰਧਤ ਦੱਸਿਆ ਹੈ। ਦਸਤਾਵੇਜ਼ਾਂ ਮੁਤਾਬਕ, ਦੋਵੇਂ ਐਡਮੰਟਨ ਵਿੱਚ ਸਰਗਰਮ ਸ਼ੱਕੀ ਵਿਅਕਤੀਆਂ ਦੇ ਇੱਕ ਨੈੱਟਵਰਕ ਦਾ ਹਿੱਸਾ ਸਨ। ਉਨ੍ਹਾਂ ਦੀ ਉਮਰ 20ਵਿਆਂ ਵਿੱਚ ਦੱਸੀ ਗਈ ਹੈ ਅਤੇ ਉਨ੍ਹਾਂ ਨੂੰ ਐਲਬਰਟਾ, ਓਨਟੇਰਿਓ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਹੋਈਆਂ ਗੋਲੀਬਾਰੀਆਂ ਅਤੇ ਧਮਕੀਆਂ ਨਾਲ ਜੋੜਿਆ ਗਿਆ ਹੈ।

ਦਸਤਾਵੇਜ਼ਾਂ ਵਿੱਚ ਕੈਨੇਡਾ ਬਾਰਡਰ ਸਰਵਿਸੇਜ਼ ਏਜੰਸੀ (CBSA) ਵੱਲੋਂ ਤਿਆਰ ਕੀਤੀ ਟੈਕਟੀਕਲ ਗਾਈਡ ਵੀ ਸ਼ਾਮਲ ਹੈ। ਇਸ ਗਾਈਡ ਵਿੱਚ 2023 ਤੋਂ ਲੈ ਕੇ 2025 ਦੇ ਅਖੀਰ ਤੱਕ ਕੈਨੇਡਾ ਵਿੱਚ ਬਿਸ਼ਨੋਈ ਗੈਂਗ ਦੇ ਫੈਲਾਅ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਦਾ ਵੇਰਵਾ ਦਿੱਤਾ ਗਿਆ ਹੈ। ਲਾਰੈਂਸ ਬਿਸ਼ਨੋਈ 2015 ਤੋਂ ਭਾਰਤ ਦੀ ਜੇਲ੍ਹ ਵਿੱਚ ਹੈ, ਪਰ ਪੁਲਿਸ ਅਤੇ ਜਾਂਚ ਏਜੰਸੀਆਂ ਦੇ ਅਨੁਸਾਰ ਉਸ ਨੇ ਜੇਲ੍ਹ ਵਿੱਚ ਰਹਿੰਦਿਆਂ ਵੀ ਇੱਕ ਅੰਤਰਰਾਸ਼ਟਰੀ ਅਪਰਾਧਕ ਸੰਗਠਨ ਬਣਾਇਆ ਹੈ। ਕੈਨੇਡਾ ਵਿੱਚ ਬਿਸ਼ਨੋਈ ਨੇ ਕਥਿਤ ਤੌਰ ’ਤੇ ਆਪਣੇ ਮੁੱਖ ਸਾਥੀ ਗੋਲਡੀ ਬਰਾੜ ’ਤੇ ਨਿਰਭਰ ਕੀਤਾ। ਬਰਾੜ 2017 ਵਿੱਚ ਥੌਮਪਸਨ ਰਿਵਰਜ਼ ਯੂਨੀਵਰਸਿਟੀ, ਕੈਮਲੂਪਸ ਵਿੱਚ ਪੜ੍ਹਾਈ ਕਰਨ ਲਈ ਸਟੱਡੀ ਪਰਮਿਟ ’ਤੇ ਕੈਨੇਡਾ ਆਇਆ ਸੀ।

ਇਹ ਪਤਾ ਨਹੀਂ ਕਿ ਉਸ ਨੇ ਅਸਲ ਵਿੱਚ ਕਲਾਸਾਂ ਲਗਾਈਆਂ ਸਨ ਜਾਂ ਨਹੀਂ। ਉਸ ਨੇ 2019 ਵਿੱਚ ਰਿਫਿਊਜੀ ਕਲੇਮ ਦਾਇਰ ਕੀਤਾ ਸੀ, ਪਰ 2022 ਵਿੱਚ ਉਸ ਕਲੇਮ ਨੂੰ ਛੱਡਿਆ ਹੋਇਆ ਮੰਨਿਆ ਗਿਆ। ਇਸ ਵੇਲੇ ਬਰਾੜ ਕਿੱਥੇ ਹੈ, ਇਸ ਬਾਰੇ ਪਤਾ ਨਹੀਂ ਹੈ।

**ਗੋਲਡੀ ਬਰਾੜ ਅਤੇ ਗੋਲਡੀ ਢਿੱਲੋਂ**

CBSA ਦੀ ਗਾਈਡ ਮੁਤਾਬਕ, ਪਿਛਲੇ ਸਾਲ ਗੋਲਡੀ ਬਰਾੜ ਅਤੇ ਲਾਰੈਂਸ ਬਿਸ਼ਨੋਈ ਵੱਖ ਹੋ ਗਏ ਸਨ ਅਤੇ ਦੋਵੇਂ ਵਿਰੋਧੀ ਬਣ ਗਏ।

ਗਾਈਡ ਵਿੱਚ ਕਿਹਾ ਗਿਆ ਹੈ, ਇਹ ਸਪੱਸ਼ਟ ਨਹੀਂ ਹੈ ਕਿ ਗੋਲਡੀ ਬਿਸ਼ਨੋਈ ਗੈਂਗ ਤੋਂ ਵੱਖ ਹੋਣ ਦਾ ਫਾਇਦਾ ਚੁੱਕ ਕੇ ਕੈਨੇਡਾ ਵਿੱਚ ਕਾਰਵਾਈਆਂ ਆਪਣੇ ਕਬਜ਼ੇ ਵਿੱਚ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜਾਂ ਨਹੀਂ, ਕਿਉਂਕਿ ਹਾਲੀਆ ਖੁਫੀਆ ਜਾਣਕਾਰੀ ਦੱਸਦੀ ਹੈ ਕਿ ਐਲਬਰਟਾ ਵਿੱਚ ਫ਼ਿਰੌਤੀ ਦੇ ਮਾਮਲਿਆਂ ਵਿੱਚ ਸਭ ਤੋਂ ਵੱਧ ਜਿਸ ਨਾਮ ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਗੋਲਡੀ ਦਾ ਨਾਮ ਹੈ।

ਇਸ ਗਰਮੀਆਂ ਵਿੱਚ ਅਮਰੀਕਾ ਦੀ 629 ਨੇ ਬਰਾੜ ਦੀ ਗ੍ਰਿਫ਼ਤਾਰੀ ਲਈ ਜਾਣਕਾਰੀ ਦੇਣ ਵਾਲੇ ਨੂੰ 50,000 ਅਮਰੀਕੀ ਡਾਲਰ ਦਾ ਇਨਾਮ ਐਲਾਨਿਆ ਸੀ। 629 ਨੇ ਬਿਸ਼ਨੋਈ ਅਤੇ ਉਸ ਦੇ ਸਾਥੀਆਂ ਖ਼ ?ਲਾਫ਼ ਸਾਜ਼ਿਸ਼ ਅਤੇ ਕਤਲਾਂ ਨਾਲ ਸਬੰਧਤ ਦੋਸ਼ ਲਗਾਉਣ ਦਾ ਐਲਾਨ ਕੀਤਾ ਸੀ। ਇਨ੍ਹਾਂ ਵਿੱਚ 2023 ਵਿੱਚ ਸਰੀ ਵਿੱਚ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦਾ ਕਤਲ ਵੀ ਸ਼ਾਮਲ ਹੈ।

CBSA ਦੀ ਗਾਈਡ ਵਿੱਚ ਗੋਲਡੀ ਢਿੱਲੋਂ ਦਾ ਨਾਮ ਵੀ ਹੈ। ਦਸਤਾਵੇਜ਼ਾਂ ਮੁਤਾਬਕ, ਉਸ ਨੂੰ ਫ਼ਿਰੌਤੀ ਦੇ ਮਾਮਲਿਆਂ ਨਾਲ ਜੁੜੇ ਹੋਰ ਗੈਂਗ ਲੀਡਰਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਉਸ ਨੂੰ ਅਜਿਹਾ ਵਿਅਕਤੀ ਦੱਸਿਆ ਗਿਆ ਹੈ ਜੋ ਭਾਰਤ ਅਤੇ ਕੈਨੇਡਾ ਵਿੱਚ ਹਮਲੇ ਅਤੇ ਫ਼ਿਰੌਤੀ ਸਮੇਤ ਅਪਰਾਧਿਕ ਗਤੀਵਿਧੀਆਂ ਕਰਨ ਲਈ ਭਰਤੀ ਕਰਨ ਵਾਲਾ ਮੰਨਿਆ ਜਾਂਦਾ ਹੈ।

ਬਰਾੜ ਅਤੇ ਢਿੱਲੋਂ ਦੋਵਾਂ ਦੇ ਨਾਮ ਐਡਮੰਟਨ ਪੁਲਿਸ ਸਰਵਿਸ ਦੀ ਸੰਗਠਿਤ ਅਪਰਾਧ ਸ਼ਾਖ਼ਾ ਵੱਲੋਂ ਤਿਆਰ ਕੀਤੀ ਗਈ ਇੱਕ ਵਿਸਥਾਰਪੂਰਵਕ ਜਾਂਚ ਰਿਪੋਰਟ ਵਿੱਚ ਵੀ ਵਾਰ-ਵਾਰ ਆਉਂਦੇ ਹਨ।

**’ਉਨ੍ਹਾਂ ਸਾਰਿਆਂ ਨੂੰ ਸਾਨੂੰ ਪੈਸੇ ਦੇਣੇ ਪੈਣਗੇ’**

ਲਗਭਗ 200 ਪੰਨਿਆਂ ਦੀ ਇਹ ਰਿਪੋਰਟ ਪ੍ਰੋਜੈਕਟ ਗਾਰਟਰ ਨਾਮ ਦੀ ਜਾਂਚ ਨਾਲ ਸਬੰਧਤ ਹੈ। ਇਹ ਜਾਂਚ ਮਈ 2025 ਤੋਂ ਸ਼ੁਰੂ ਹੋ ਕੇ ਸੱਤ ਮਹੀਨਿਆਂ ਤੱਕ ਚੱਲੀ। ਇਸ ਵਿੱਚ ਇੱਕ ਦਰਜਨ ਤੋਂ ਵੱਧ ਫ਼ਿਰੌਤੀ ਦੇ ਮਾਮਲਿਆਂ ਨਾਲ ਜੁੜੀਆਂ ਪੁਲਿਸ ਜਾਂਚਾਂ ਦਾ ਵੇਰਵਾ ਹੈ।

ਬਿਸ਼ਨੋਈ ਗੈਂਗ ਵੱਲੋਂ ਭੇਜੀ ਗਈ ਚਿੱਠੀ ਅਗਸਤ 2025 ਦੇ ਵਿਚਕਾਰ ਪਹੁੰਚੀ ਸੀ ਅਤੇ ਪੁਲਿਸ ਰਿਪੋਰਟ ਵਿੱਚ ਇਸ ਦੀ ਪੂਰੀ ਲਿਖਤ ਦਰਜ ਕੀਤੀ ਗਈ ਹੈ।

ਚਿੱਠੀ ਵਿੱਚ ਲਿਖਿਆ ਸੀ, ਬਹੁਤ ਜਲਦੀ ਹਰ ਬਿਜ਼ਨਸ ਮਾਲਕ ਨੂੰ ਸਾਨੂੰ ਸੁਰੱਖਿਆ ਦੇ ਪੈਸੇ ਦੇਣੇ ਪੈਣਗੇ। ਇਹ ਟੈਕਸ ਵਾਂਗ ਹੈ।

ਕਿਸੇ ਵੀ ਕਾਰੋਬਾਰ ਕੋਲ ਹੋਰ ਕੋਈ ਰਸਤਾ ਨਹੀਂ ਹੋਵੇਗਾ। ਇਸ ਲਈ ਸਾਨੂੰ ਰੋਕਣ ਦੀ ਕੋਸ਼ਿਸ਼ ਨਾ ਕਰਨਾ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕਾਰੋਬਾਰੀ ਭਾਰਤੀ ਹੈ ਜਾਂ ਗੋਰਾ ਜਾਂ ਕਾਲਾ – ਸਾਰੇ ਕਾਰੋਬਾਰੀਆਂ ਨੂੰ ਸਾਨੂੰ ਪੈਸੇ ਦੇਣੇ ਪੈਣਗੇ।

ਪ੍ਰੋਜੈਕਟ ਗਾਰਟਰ ਦੀ ਰਿਪੋਰਟ ਮੁਤਾਬਕ, ਇਹ ਚਿੱਠੀ ਲਾਰੈਂਸ ਗਰੁੱਪ ਅਤੇ ਲਾਰੈਂਸ ਬਿਸ਼ਨੋਈ ਗਰੁੱਪ ਦੇ ਨਾਮ ’ਤੇ ਦਿੱਤੀਆਂ ਜਾਂਦੀਆਂ ਧਮਕੀਆਂ ਦੇ ਉਸ ਪੈਟਰਨ ਨਾਲ ਮਿਲਦੀ ਹੈ, ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਗੋਲੀਬਾਰੀ ਅਤੇ ਫ਼ਿਰੌਤੀ ਦੇ ਮਾਮਲਿਆਂ ਨਾਲ ਜੁੜਿਆ ਹੋਇਆ ਦੱਸਿਆ ਗਿਆ ਹੈ।

ਜਾਂਚ ਦੌਰਾਨ ਐਡਮੰਟਨ, ਕੈਲਗਰੀ ਅਤੇ ਸਰੀ ਵਿੱਚ ਹੋਈਆਂ ਗੋਲੀਬਾਰੀਆਂ ਦੇ ਮਾਮਲਿਆਂ ਵਿੱਚ ਫ਼ਾਰੈਂਸਿਕ ਰਿਪੋਰਟਾਂ ਦੀ ਮਦਦ ਨਾਲ ਹਥਿਆਰਾਂ ਨੂੰ ਜੋੜਨ ਦੀ ਕੋਸ਼ਿਸ਼ ਕੀਤੀ ਗਈ। ਪੁਲਿਸ ਨੇ ਸ਼ੱਕੀ ਵਿਅਕਤੀਆਂ ਦੇ ਸੋਸ਼ਲ ਮੀਡੀਆ ਖਾਤਿਆਂ ਦੀ ਬਾਰੀਕੀ ਨਾਲ ਜਾਂਚ ਕੀਤੀ ਅਤੇ ਉਨ੍ਹਾਂ ਦੀ ਆਵਾਜਾਈ ਪਤਾ ਕਰਨ ਲਈ ਵਾਹਨਾਂ ਅਤੇ ਫੋਨਾਂ ਸਬੰਧੀ ਸਰਚ ਵਾਰੰਟ ਅਤੇ ਟਰੈਕਿੰਗ ਵਾਰੰਟ ਵੀ ਹਾਸਲ ਕੀਤੇ।

ਇੱਕ ਫ਼ੋਰਡ ਮਸਟੈਂਗ ਕਥਿਤ ਤੌਰ ’ਤੇ ਚੋਰੀ ਹੋਈ ਸੀ ਅਤੇ ਬਾਅਦ ਵਿੱਚ ਇਸ ਨੂੰ ਡਰਾਈਵ-ਬਾਏ ਗੋਲੀਬਾਰੀ ਵਿੱਚ ਵਰਤਿਆ ਗਿਆ। ਜਾਂਚਕਰਤਾਵਾਂ ਨੇ ਗੱਡੀ ਚੋਰੀ ਹੋਣ ਦੀ ਰਿਪੋਰਟ ਕਰਨ ਵਾਲੇ ਮਾਲਕਾਂ ਤੋਂ ਪੁੱਛਗਿੱਛ ਕੀਤੀ। ਪੁਲਿਸ ਨੇ ਇੰਸਟਾਗਰਾਮ ਅਤੇ ਗੱਡੀ ਦੇ ਇਨਫ਼ੋਟੇਨਮੈਂਟ ਸਿਸਟਮ ਵਿੱਚ ਮੌਜੂਦ ਡਾਟਾ ਵੀ ਜਾਂਚਿਆ ਤਾਂ ਜੋ ਮਾਲਕਾਂ ਨੂੰ ਹੋਰ ਗੈਂਗ ਮੈਂਬਰਾਂ ਨਾਲ ਜੋੜਿਆ ਜਾ ਸਕੇ।

**’ਮੈਂ ਲਾਰੈਂਸ ਬਿਸ਼ਨੋਈ ਗਰੁੱਪ ਤੋਂ ਬੋਲਦਾਂ’**

ਪ੍ਰੋਜੈਕਟ ਗਾਰਟਰ ਦੀ ਰਿਪੋਰਟ ਵਿੱਚ ਕਈ ਪੀੜਤਾਂ ਦਾ ਵੀ ਵੇਰਵਾ ਹੈ। ਇਨ੍ਹਾਂ ਵਿੱਚ ਇੱਕ ਵੱਡੇ ਕਾਰੋਬਾਰੀ ਵੀ ਸ਼ਾਮਲ ਹੈ, ਜਿਸ ਤੋਂ ਲੱਖਾਂ ਡਾਲਰ ਦੀ ਫ਼ਿਰੌਤੀ ਮੰਗੀ ਗਈ। ਪੁਲਿਸ ਮੁਤਾਬਕ, ਇੱਕ ਸ਼ੱਕੀ ਵਿਅਕਤੀ ਨੇ ਆਪਣੇ ਆਪ ਨੂੰ ਗੋਲਡੀ ਢਿੱਲੋਂ ਦੱਸਦਿਆਂ ਕਾਰੋਬਾਰੀ ਨੂੰ ਧਮਕੀ ਦਿੱਤੀ ਸੀ।

ਪੀੜਤ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੇ ਪਰਿਵਾਰ ਦੇ ਇੱਕ ਹੋਰ ਮੈਂਬਰ ਨੇ ਵੀ ਦੇਖਿਆ ਸੀ ਕਿ ਸਰੀ ਸਥਿਤ ਉਸ ਦਾ ਕਾਰੋਬਾਰ ਇਸੇ ਤਰ੍ਹਾਂ ਦੀਆਂ ਮੰਗਾਂ ਤੋਂ ਬਾਅਦ ਸਾੜ ਦਿੱਤਾ ਗਿਆ ਸੀ।

ਇੱਕ ਹੋਰ ਮਾਮਲੇ ਵਿੱਚ ਪੁਲਿਸ ਨੇ ਇੱਕ ਵਿਅਕਤੀ ਨੂੰ ਉਸ ਦੀ ਜਾਨ ਲਈ ਮੌਜੂਦ ਭਰੋਸੇਯੋਗ ਖ਼ਤਰੇ ਬਾਰੇ ਚੇਤਾਵਨੀ ਦਿੱਤੀ।

ਪੀੜਤਾਂ ਨੂੰ ਪੈਸੇ ਦੇਣ ਲਈ ਇੱਕ ਦਰਜਨ ਤੋਂ ਵੱਧ WhatsApp ਨੰਬਰਾਂ ਤੋਂ ਸੰਪਰਕ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ ਘੱਟੋ-ਘੱਟ ਦੋ ਨੰਬਰ ਓਨਟੇਰਿਓ ਦੀ ਪੀਲ ਰੀਜਨਲ ਪੁਲਿਸ ਵੱਲੋਂ ਕੀਤੀਆਂ ਜਾ ਰਹੀਆਂ ਫ਼ਿਰੌਤੀ ਦੀਆਂ ਜਾਂਚਾਂ ਨਾਲ ਵੀ ਜੁੜੇ ਹੋਏ ਸਨ।

ਰਿਪੋਰਟ ਵਿੱਚ ਇੱਕ ਪੀੜਤ ਨੂੰ ਭੇਜੇ ਗਏ ਸੁਨੇਹੇ ਦਾ ਪੰਜਾਬੀ ਅਨੁਵਾਦ ਵੀ ਦਰਜ ਹੈ। ਸੁਨੇਹੇ ਵਿੱਚ ਕਿਹਾ ਗਿਆ ਸੀ, ਮੈਂ ਲਾਰੈਂਸ ਬਿਸ਼ਨੋਈ ਗਰੁੱਪ ਤੋਂ ਬੋਲਦਾਂ। ਇਸ ਵਾਰ ਮੈਂ ਤੁਹਾਡੇ ਘਰ ’ਤੇ ਗੋਲੀ ਚਲਾਈ ਹੈ, ਅਗਲੀ ਵਾਰ ਇਹ ਤੁਸੀਂ ਹੋਵੋਗੇ। ਮੈਨੂੰ ਬਿਲਕੁਲ ਪਤਾ ਹੈ ਕਿ ਤੁਹਾਡਾ ਸਿਸਟਮ ਕੀ ਹੈ। ਤੁਸੀਂ ਕਿੱਥੇ ਹੋ, ਕੀ ਕਰਦੇ ਹੋ, ਮੈਂ ਪਤਾ ਲਗਾ ਸਕਦਾ ਹਾਂ।

ਸੁਨੇਹੇ ਵਿੱਚ ਅੱਗੇ ਕਿਹਾ ਗਿਆ ਸੀ, ਜਾਂ ਤਾਂ ਸਾਡੇ ਨਾਲ ਗੱਲ ਕਰੋ ਅਤੇ ਇਹ ਮਾਮਲਾ ਸੁਲਝਾ ਲਓ, ਇਹ ਤੁਹਾਡੇ ਲਈ ਚੰਗਾ ਰਹੇਗਾ। ਨਹੀਂ ਤਾਂ ਤੁਹਾਡੇ ਪੂਰੇ ਪਰਿਵਾਰ ’ਤੇ ਗੋਲੀਆਂ ਚਲਾਈਆਂ ਜਾਣਗੀਆਂ। ਫੋਨ ਦਾ ਜਵਾਬ ਨਾ ਦੇਣ ਨਾਲ ਇਹ ਮਾਮਲਾ ਖ਼ਤਮ ਨਹੀਂ ਹੋਵੇਗਾ।

**ਗੁਲਾਬੀ ਸਲਾਈਡ ਵਾਲੀ ਬੰਦੂਕ**

ਸੀਬੀਸੀ ਨਿਊਜ਼ ਨੂੰ ਮਿਲੇ ਦਸਤਾਵੇਜ਼ CBSA ਵੱਲੋਂ ਇੱਕ IRB ਸੁਣਵਾਈ ਵਿੱਚ ਪੇਸ਼ ਕਰਨ ਲਈ ਇਕੱਠੇ ਕੀਤੇ ਗਏ ਸਨ। ਇਹ ਸੁਣਵਾਈ ਜਸ਼ਨਦੀਪ ਸਿੰਘ ਨਾਮ ਦੇ 25 ਸਾਲਾ ਵਿਅਕਤੀ ਨਾਲ ਸਬੰਧਤ ਸੀ। ਉਹ ਦਸੰਬਰ 2022 ਵਿੱਚ ਅੰਤਰਰਾਸ਼ਟਰੀ ਵਿਦਿਆਰਥੀ ਵਜੋਂ ਕੈਨੇਡਾ ਆਇਆ ਸੀ।

ਜਸ਼ਨਦੀਪ ਸਿੰਘ ਨੂੰ ਅਰਸ਼ਦੀਪ ਸਿੰਘ ਨਾਲ ਦੋਸਤੀ ਕਾਰਨ ਇਸ ਗਰੁੱਪ ਨਾਲ ਜੋੜਿਆ ਗਿਆ। ਅਰਸ਼ਦੀਪ ਸਿੰਘ ਨੂੰ ਬਿਸ਼ਨੋਈ ਗੈਂਗ ਦਾ ਇੱਕ ਦਰਮਿਆਨੇ ਪੱਧਰ ਦਾ ਆਗੂ ਦੱਸਿਆ ਗਿਆ ਹੈ। ਸੰਗਠਿਤ ਅਪਰਾਧਿਕ ਗਤੀਵਿਧੀਆਂ ਦੇ ਆਧਾਰ ’ਤੇ ਕੈਨੇਡਾ ਵਿੱਚ ਰਹਿਣ ਲਈ ਅਯੋਗ ਪਾਏ ਜਾਣ ਕਾਰਨ, ਉਸ ਨੂੰ ਇਸ ਸਾਲ ਦੇ ਸ਼ੁਰੂ ਵਿੱਚ ਕੈਨੇਡਾ ਤੋਂ ਡਿਪੋਰਟ ਕਰ ਦਿੱਤਾ ਗਿਆ ਸੀ।

ਜਸ਼ਨਦੀਪ ਸਿੰਘ ’ਤੇ ਇੱਕ ਖ਼ਾਸ ਪਛਾਣ ਵਾਲੀ ਬੰਦੂਕ ਲੁਕਾਉਣ ਵਿੱਚ ਮਦਦ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਇਸ ਬੰਦੂਕ ਨੂੰ ਅਰਸ਼ਦੀਪ ਸਿੰਘ ਨੂੰ ਸਰੀ ਅਤੇ ਐਡਮੰਟਨ ਵਿੱਚ ਹੋਈਆਂ ਗੋਲੀਬਾਰੀਆਂ ਨਾਲ ਜੋੜਨ ਵਾਲਾ ਸਬੂਤ ਮੰਨਿਆ ਗਿਆ।

IRB ਨੂੰ ਦਿੱਤੇ ਦਸਤਾਵੇਜ਼ਾਂ ਵਿੱਚ ਇੱਕ ਵੀਡੀਓ ਵੀ ਸੀ, ਜਿਸ ਵਿੱਚ ਜਸ਼ਨਦੀਪ ਸਿੰਘ ਇੱਕ ਦੋਸਤ ਦੇ ਸਿਰ ਵੱਲ ਗੁਲਾਬੀ ਸਲਾਈਡ ਵਾਲੀ ਬੰਦੂਕ ਤਾਣਦਾ ਦਿਖਾਈ ਦਿੰਦਾ ਹੈ।

ਸੀਬੀਸੀ ਨਿਊਜ਼ ਪਹਿਲਾਂ ਵੀ ਅਰਸ਼ਦੀਪ ਸਿੰਘ ਖ਼ ?ਲਾਫ਼ ਲੱਗੇ ਵਿਆਪਕ ਇਲਜ਼ਾਮਾਂ ਬਾਰੇ ਰਿਪੋਰਟ ਕਰ ਚੁੱਕਾ ਹੈ। ਪਰ ਹੁਣ ਸਾਹਮਣੇ ਆਈ ਪੁਲਿਸ ਰਿਪੋਰਟ ਵਿੱਚ ਉਸ ਦੀਆਂ ਕਥਿਤ ਗਤੀਵਿਧੀਆਂ ਅਤੇ ਉਸ ਦੇ ਫੋਨ ਦੀ ਜਾਂਚ ਨਾਲ ਸਬੰਧਤ ਕਾਫ਼ੀ ਵਿਸਥਾਰ ਦਿੱਤਾ ਗਿਆ ਹੈ।

ਫੋਨ ਟੈਪਿੰਗ ਵਿੱਚ ਅਰਸ਼ਦੀਪ ਸਿੰਘ ਨੂੰ ਹੈਰੋਇਨ, ਓਪਿਓਇਡ ਅਤੇ ਕੋਕੇਨ ਦੀ ਤਸਕਰੀ ਬਾਰੇ ਗੱਲ ਕਰਦੇ ਹੋਏ ਸੁਣਿਆ ਗਿਆ। ਪੁਲਿਸ ਦਸਤਾਵੇਜ਼ਾਂ ਮੁਤਾਬਕ, ਉਹ ਇੱਕ ਅਜਿਹੇ ਕਤਲ ਬਾਰੇ ਸ਼ੇਖੀ ਮਾਰਦਾ ਵੀ ਸੁਣਿਆ ਗਿਆ, ਜੋ ਉਸ ਵੇਲੇ ਹੋਇਆ ਸੀ ਜਦੋਂ ਉਸ ਦੀ ਉਮਰ ਲਗਭਗ 12 ਸਾਲ ਬਣਦੀ ਸੀ।

ਉਸ ’ਨੇ ਕਥਿਤ ਤੌਰ ‘ਤੇ ਇੱਕ ਹੋਰ ਸਾਥੀ ਨਾਲ ਗੋਲੀਬਾਰੀ ਦੀਆਂ ਘਟਨਾਵਾਂ ਬਾਰੇ ਗੱਲ ਕੀਤੀ ਅਤੇ ਉਸ ਨੂੰ ਆਪਣੇ ਸ਼ਹਿਰ ਜਾਕੇ ਹਥਿਆਰ ਇਕੱਠੇ ਕਰਨ ਦੇ ਵੀ ਨਿਰਦੇਸ਼ ਦਿੱਤੇ ਸਨ।

ਦਸਤਾਵੇਜ਼ਾਂ ਮੁਤਾਬਕ, ਅਰਸ਼ਦੀਪ ਸਿੰਘ ਨੂੰ ਓਨਟੇਰਿਓ ਦੀਆਂ ਫ਼ਿਰੌਤੀ ਦੀਆਂ ਜਾਂਚਾਂ ਨਾਲ ਵੀ ਜੋੜਿਆ ਗਿਆ। ਇੱਕ ਮਾਮਲੇ ਵਿੱਚ ਉਹ ਵੀਡੀਓ ਵਿੱਚ ਕਥਿਤ ਤੌਰ ’ਤੇ ਹੋਰ ਲੋਕਾਂ ਨੂੰ ਇੱਕ ਇਮਾਰਤ ’ਤੇ ਮੋਲੋਟੋਵ ਕੌਕਟੇਲ (ਪੈਟਰੋਲ ਬੰਬ) ਸੁੱਟਣ ਲਈ ਹਦਾਇਤਾਂ ਦਿੰਦਾ ਦਿਖਾਈ ਦਿੱਤਾ। ਉਸ ਦੇ ਫੋਨ ਦੀ ਜਾਂਚ ਦੌਰਾਨ ਦਰਜਨਾਂ ਵਾਹਨਾਂ ਬਾਰੇ ਜਾਣਕਾਰੀ ਵਾਲੇ ਸੁਨੇਹੇ ਮਿਲੇ। ਇਨ੍ਹਾਂ ਵਿੱਚੋਂ ਕਈ ਵਾਹਨ ਬਾਅਦ ਵਿੱਚ ਚੋਰੀ ਹੋਏ ਦਰਜ ਕੀਤੇ ਗਏ। ਜਾਂਚ ਅਨੁਸਾਰ ਇਸ ਨਾਲ ਇੱਕ ਅਜਿਹੇ ਨੈੱਟਵਰਕ ਦਾ ਪਤਾ ਲੱਗਿਆ ਜਿਸ ਵਿੱਚ ਚੋਰ ਅਤੇ ਵਾਹਨਾਂ ਦੇ ਮਾਲਕ ਮਿਲ ਕੇ ਕਾਰਾਂ ਅਤੇ ਟਰੱਕਾਂ ਨੂੰ ਨਿਸ਼ਾਨਾ ਬਣਾਉਂਦੇ ਸਨ, ਉਨ੍ਹਾਂ ਦੀ ਪਛਾਣ ਨਾਲ ਸਬੰਧਤ ਜਾਣਕਾਰੀ ਬਦਲਦੇ ਸਨ ਅਤੇ ਬੀਮਾ ਕੰਪਨੀਆਂ ਨਾਲ ਧੋਖਾਧੜੀ ਕਰਦੇ ਸਨ।

ਪਰ ਅਖੀਰ ਵਿੱਚ ਗੁਲਾਬੀ ਹੈਂਡਲ ਵਾਲੀ ਬੰਦੂਕ ਹੀ ਅਰਸ਼ਦੀਪ ਸਿੰਘ ਨੂੰ ਗੋਲੀਬਾਰੀ ਦੇ ਮਾਮਲਿਆਂ ਨਾਲ ਜੋੜਨ ਵਿੱਚ ਮਹੱਤਵਪੂਰਨ ਸਬੂਤ ਬਣੀ।

ਜਸ਼ਨਦੀਪ ਸਿੰਘ ਦੀ IRB ਸੁਣਵਾਈ ਦੌਰਾਨ ਦਿੱਤੀ ਗਈ ਗਵਾਹੀ ਮੁਤਾਬਕ, ਅਰਸ਼ਦੀਪ ਸਿੰਘ ਅਗਸਤ 2025 ਵਿੱਚ ਆਪਣਾ ਜਨਮਦਿਨ ਮਨਾਉਣ ਲਈ ਕੈਲਗਰੀ ਤੋਂ ਐਡਮੰਟਨ ਆਇਆ ਸੀ।

IRB ਨੂੰ ਦਿੱਤੇ ਸਬੂਤਾਂ ਵਿੱਚ ਵੀਡੀਓਜ਼ ਹਨ, ਜਿਨ੍ਹਾਂ ਵਿੱਚ ਅਰਸ਼ਦੀਪ ਸਿੰਘ ਅਤੇ ਹੋਰ ਲੋਕ ਜਸ਼ਨਦੀਪ ਸਿੰਘ ਦੇ ਘਰ ਵਿੱਚ ਉਸ ਬੰਦੂਕ ਨਾਲ ਮਸਤੀ ਕਰਦੇ ਦਿਖਾਈ ਦਿੰਦੇ ਹਨ। ਇਸ ਤੋਂ ਬਾਅਦ ਉਹ ਬੰਦੂਕ ਲੈ ਕੇ ਇੱਕ ਸੁੰਨਸਾਨ ਹਾਈਵੇ ਵਾਲੀ ਥਾਂ ’ਤੇ ਜਾਂਦੇ ਹਨ।

ਵੀਡੀਓ ਵਿੱਚ ਅਰਸ਼ਦੀਪ ਸਿੰਘ ਨੂੰ ਘੱਟੋ-ਘੱਟ ਪੰਜ ਵਾਰ ਹਵਾ ਵਿੱਚ ਗੋਲੀ ਚਲਾਉਂਦੇ ਦੇਖਿਆ ਜਾ ਸਕਦਾ ਹੈ। ਉਸ ਦੀ ਕਾਰ ਦੇ ਟਰੰਕ ’ਤੇ ਜਨਮਦਿਨ ਦਾ ਕੇਕ ਰੱਖਿਆ ਹੋਇਆ ਸੀ ਅਤੇ ਉਸ ਦੇ ਦੋਸਤ ਇਹ ਸਭ ਦੇਖ ਰਹੇ ਸਨ। ਪੁਲਿਸ ਰਿਪੋਰਟ ਮੁਤਾਬਕ, ਜਾਂਚਕਰਤਾਵਾਂ ਨੇ ਸੋਸ਼ਲ ਮੀਡੀਆ ’ਤੇ ਇਹ ਵੀਡੀਓ ਦੇਖੀ ਅਤੇ ਅਰਸ਼ਦੀਪ ਸਿੰਘ ਤੇ ਹੋਰ ਲੋਕਾਂ ਦੇ ਉੱਥੋਂ ਚਲੇ ਜਾਣ ਤੋਂ ਬਾਅਦ ਉਸ ਥਾਂ ’ਤੇ ਪਹੁੰਚੇ। ਉੱਥੇ ਪੁਲਿਸ ਨੂੰ ਗੋਲੀਆਂ ਦੇ ਕਾਰਤੂਸ ਮਿਲੇ। ਫ਼ਾਰੈਂਸਿਕ ਜਾਂਚ ਵਿਚ ਸਾਹਮਣੇ ਆਇਆ ਕਿ ਇਹ ਕਾਰਤੂਸ ਸਰੀ ਦੇ KapÓs Cafe ਵਿੱਚ ਹੋਈਆਂ ਗੋਲੀਬਾਰੀਆਂ ਵਿੱਚ ਮਿਲੇ ਇੱਕ ਕਾਰਤੂਸ ਨਾਲ ਮੇਲ ਖਾਂਦੇ ਸਨ।

ਇਸ ਖੋਜ ਤੋਂ ਬਾਅਦ ਪੁਲਿਸ ਦੀ ਕਾਰਵਾਈ ਦਾ ਇੱਕ ਲੰਮਾ ਸਿਲਸਿਲਾ ਸ਼ੁਰੂ ਹੋਇਆ। ਕਈ ਗ੍ਰਿਫ਼ਤਾਰੀਆਂ ਹੋਈਆਂ, ਬਹੁਤ ਸਾਰੇ ਸਰਚ ਵਾਰੰਟ ਜਾਰੀ ਕੀਤੇ ਗਏ, ਹੋਰ ਹਥਿਆਰ ਮਿਲੇ ਅਤੇ ਆਖ਼ਰਕਾਰ ਪੁਲਿਸ ਨੇ ਅਜਿਹਾ ਸਬੂਤ ਇਕੱਠਾ ਕੀਤਾ ਜਿਸ ਦੇ ਆਧਾਰ ’ਤੇ ਕਈ ਸ਼ੱਕੀ ਵਿਅਕਤੀਆਂ ਖ਼ ?ਲਾਫ਼ ਕੈਨੇਡਾ ਤੋਂ ਡਿਪੋਰਟ ਕਰਨ ਦੇ ਹੁਕਮ ਜਾਰੀ ਹੋਏ।

ਇਹ ਵੀ ਮਹੱਤਵਪੂਰਨ ਹੈ ਕਿ ਫਿਰੌਤੀ ਦੇ ਮਾਮਲਿਆਂ ਵਿੱਚ ਸ਼ੱਕੀ ਬਣਾਏ ਗਏ ਕਈ ਲੋਕਾਂ ਦੀ ਤਰ੍ਹਾਂ ਅਰਸ਼ਦੀਪ ਸਿੰਘ ਨੂੰ ਵੀ ਕੈਨੇਡਾ ਵਿੱਚ ਕਿਸੇ ਅਪਰਾਧ ਲਈ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ। ਇਮੀਗ੍ਰੇਸ਼ਨ ਕੇਸਾਂ ਵਿੱਚ ਕਿਸੇ ਵਿਅਕਤੀ ਨੂੰ ਕੈਨੇਡਾ ਵਿੱਚ ਰਹਿਣ ਲਈ ਅਯੋਗ ਐਲਾਨਣ ਲਈ ਉਨੇ ਮਜ਼ਬੂਤ ਸਬੂਤਾਂ ਦੀ ਲੋੜ ਨਹੀਂ ਹੁੰਦੀ ਜਿੰਨੀ ਕਿਸੇ ਅਪਰਾਧਕ ਕੇਸ ਵਿੱਚ ਸਜ਼ਾ ਦੇਣ ਲਈ ਹੁੰਦੀ ਹੈ। ਯਾਨੀ ਜੇ ਅਧਿਕਾਰੀਆਂ ਕੋਲ ਇਹ ਮੰਨਣ ਲਈ ਵਾਜਬ ਕਾਰਨ ਹੋਣ ਕਿ ਵਿਅਕਤੀ ਕਿਸੇ ਗਲਤ ਜਾਂ ਅਪਰਾਧਿਕ ਗਤੀਵਿਧੀ ਨਾਲ ਜੁੜਿਆ ਹੋ ਸਕਦਾ ਹੈ, ਤਾਂ ਇਮੀਗ੍ਰੇਸ਼ਨ ਕਾਰਵਾਈ ਕੀਤੀ ਜਾ ਸਕਦੀ ਹੈ। ਅਰਸ਼ਦੀਪ ਸਿੰਘ ਨੇ ਆਪਣੇ ਖ਼ ?ਲਾਫ਼ ਜਾਰੀ ਡਿਪੋਰਟੇਸ਼ਨ ਆਰਡਰ ਨੂੰ ਚੁਣੌਤੀ ਨਹੀਂ ਦਿੱਤੀ। ਹਾਲਾਂਕਿ, ਉਸ ਨੇ ਆਪਣੀ ਸੁਣਵਾਈ ਦੌਰਾਨ ਕਿਹਾ ਸੀ ਕਿ ਉਹ ਕਿਸੇ ਵੀ ਫ਼ਿਰੌਤੀ, ਅੱਗਜ਼ਨੀ ਜਾਂ ਕਿਸੇ ਵੀ ਤਰ੍ਹਾਂ ਦੀ ਧੋਖਾਧੜੀ ਵਿੱਚ ਸ਼ਾਮਲ ਨਹੀਂ ਸੀ।

ਸੀਬੀਸੀ ਨਿਊਜ਼ ਨੂੰ ਜਾਰੀ ਕੀਤੇ ਗਏ ਦਸਤਾਵੇਜ਼ਾਂ ਦੇ ਆਖਰੀ ਹਿੱਸੇ ਵਿੱਚ ਮਈ 2025 ਵਿੱਚ ਐਡਮੰਟਨ ਪੁਲਿਸ ਨੂੰ ਇੱਕ ਮੁਖ਼ਬਰ ਵੱਲੋਂ ਦਿੱਤੀ ਗਈ ਜਾਣਕਾਰੀ ਸ਼ਾਮਲ ਹੈ, ਜਿਸ ਵਿੱਚ ਫ਼ਿਰੌਤੀ ਮੰਗਣ ਦੇ ਵਧਦੇ ਸੰਕਟ ਬਾਰੇ ਚਿੰਤਾਜਨਕ ਦਾਅਵੇ ਕੀਤੇ ਗਏ ਹਨ।

ਮੁਖ਼ਬਰ ਨੇ ਦਾਅਵਾ ਕੀਤਾ ਕਿ ਉਸ ਕੋਲ ਨਿੱਜੀ ਜਾਣਕਾਰੀ ਸੀ ਅਤੇ ਉਸ ਨੇ ਦੱਸਿਆ ਕਿ ਅਰਸ਼ਦੀਪ ਸਿੰਘ, ਗੋਲਡੀ ਬਰਾੜ ਲਈ ਕੰਮ ਕਰ ਰਿਹਾ ਸੀ; ਗੋਲਡੀ ਬਰਾੜ ਅੱਗੋਂ ਕੈਨੇਡਾ ਵਿੱਚ ਲੋਕਾਂ ਨੂੰ ਫ਼ਿਰੌਤੀ ਦੇ ਮਾਮਲਿਆਂ ਨੂੰ ਅੰਜਾਮ ਦੇਣ ਲਈ ਨਿਰਦੇਸ਼ ਦੇ ਰਿਹਾ ਸੀ। ਇੱਕ ਲਿਖਤੀ ਬਿਆਨ ਅਨੁਸਾਰ, ਮੁਖ਼ਬਰ ਨੇ ਦਾਅਵਾ ਕੀਤਾ, ਲੋਕਾਂ ਨੂੰ ਅਗਵਾ ਕਰਨਾ ਫ਼ਿਰੌਤੀ ਵਸੂਲਣ ਦਾ ਇੱਕ ਨਵਾਂ ਤਰੀਕਾ ਹੈ ਜਿਸ ਦੀ ਅਗਵਾਈ ਗੋਲਡੀ ਬਰਾੜ ਕਰ ਰਿਹਾ ਹੈ। ਅਗਵਾ ਕਰਨ ਦੇ ਬਦਲੇ ਲੋਕਾਂ ਤੋਂ 1,00,000 ਡਾਲਰ ਤੱਕ ਦੀ ਫਿਰੌਤੀ ਮੰਗੀ ਜਾਂਦੀ ਹੈ। ਅਗਵਾ ਕਰਨ ਦਾ ਕੰਮ ਕਰਨ ਲਈ ਨੌਜਵਾਨ ਕੈਨੇਡੀਅਨ ਵੀਜ਼ਾ ਧਾਰਕਾਂ ਨੂੰ ਨਿਰਦੇਸ਼ ਦਿੱਤੇ ਜਾਂਦੇ ਹਨ।

# Diwali and Wedding Season

# Where East Meets West on the Runway

## A new generation of designers is reshaping South Asian formalwear for diaspora buyers







As Diwali and the wedding season that typically follows approach, a growing cohort of designers — many of them second-generation South Asian Americans themselves — are reshaping what formal Indian wear looks like for a diaspora customer base that wants to honor tradition without feeling constrained by it. The results are visible in silhouettes that borrow from both traditions at once: lehengas cut with the structure of a Western ball gown, sarees paired with tailored Western-style blouses rather than traditional cholis, and sherwanis reimagined with the fit and fabric weight of a modern suit jacket.

The shift reflects a customer base with a genuinely different relationship to these garments than previous generations. Many second- and third-generation diaspora buyers grew up wearing Indian formalwear only occasionally, for specific festivals or family weddings, without the daily familiarity with draping and fit that comes from growing up in India itself. Designers serving this market have responded with pre-stitched sarees, adjustable lehenga waistbands, and construction techniques that prioritize the ease of wearing over strict traditional authenticity — practical adaptations that traditionalist critics sometimes view skeptically, but that have opened these garments to buyers who might otherwise default entirely to Western formalwear for lack of comfort with traditional draping.

Color and fabric trends this season lean toward richer jewel tones and matte finishes over the heavily embellished, high-shine aesthetic that dominated South Asian formalwear for much of the past decade, a shift several designers attribute to younger buyers' broader preference for understated luxury across fashion categories generally, not just within South Asian wear specifically.

The business case for this diaspora-focused design approach has grown clearer as well. U.S.-based South Asian formalwear brands, many built initially as small direct-to-consumer operations serving local wedding markets, have expanded into national and even international shipping as demand from diaspora communities beyond traditional South Asian population centers has grown, aided significantly by social media platforms that let designers reach customers directly rather than relying solely on brick-and-mortar boutiques in enclaves like Jackson Heights or Edison.

For families shopping this Diwali and wedding season, the expanded range means more genuine choice between fully traditional pieces, fully Western options, and the growing middle category of fusion wear that lets a buyer honor the occasion's cultural weight without sacrificing the fit and comfort standards a lifetime of Western clothing has accustomed most diaspora shoppers to expect.

# The Heritage Textile Revival

## Khadi and handloom fabrics are finding new life in American retail

A quiet but sustained revival of interest in India's traditional handloom textiles — khadi, ikat, jamdani and other regional weaving traditions — has begun showing up on American retail shelves and in diaspora-owned boutiques, driven by a convergence of sustainability-conscious shopping habits and a renewed cultural interest in textile traditions that had, for a period, been overshadowed by mass-produced synthetic fabrics.



Khadi, the hand-spun and hand-woven cotton fabric closely associated with Gandhi's independence-era self-reliance movement, occupies a particularly interesting place in this revival. What began as an explicitly political textile, meant to symbolize rejection of British-manufactured cloth, has been reintroduced to a new generation of buyers largely on the basis of its sustainability credentials — hand production requires far less energy and water than industrial textile manufacturing, and the fabric's breathability and durability have made it appealing on purely practical grounds as well.

The economic story behind the revival matters as much as the aesthetic one. Handloom weaving in India supports millions of artisan livelihoods, many in rural communities where alternative employment is scarce, and industry groups have worked to connect this artisan base more directly with international buyers, cutting out layers of middlemen that historically captured most of the value in handloom textile supply chains. Fair-trade certified handloom brands have grown a meaningful presence in the U.S. market as a result, appealing to diaspora and non-diaspora buyers alike drawn to the combination of ethical sourcing and distinctive craft. For diaspora consumers specifically, the revival carries an additional layer of meaning beyond sustainability or ethical sourcing. Handloom textiles offer a way to connect with regional Indian craft traditions — a specific ikat pattern tied to Odisha, a particular jamdani weave from West Bengal — that can feel more personally resonant than generic, mass-produced 'ethnic wear' marketed without any specific regional identity attached.

Retail analysts tracking the category note that growth has been strongest among younger diaspora consumers making a deliberate choice to seek out these textiles, rather than inheriting the connection passively through family tradition — suggesting the revival, while drawing on centuries-old craft, is being driven in the American market largely by a newer generation choosing heritage on its own terms rather than simply continuing a practice handed down unquestioned.




